ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

**Awaze Qaum**

(ਯੂ. ਕੇ. ਤੋਂ ਪ੍ਰਕਾਸ਼ਿਤ)

**International Daily Newspaper & WEB TV**

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 12 ਮਾਰਚ 2024 (ਨਾਨਕਸ਼ਾਹੀ ਸੰਮਤ : ੫੫੫, ੨੯ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243


Exclusive News

## ਡਿਬਰੂਗੜ੍ਹ ਜੇਲ੍ਹ 'ਚ ਨਜ਼ਰਬੰਦ ਸਿੱਖ ਨੌਜਵਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਭੁੱਖ ਹੜਤਾਲ ਦਾ ਮਾਮਲਾ:

## ਮੁੱਖ ਮੰਤਰੀ ਪੰਜਾਬ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਸਬ-ਕਮੇਟੀ ਨੂੰ ਤੁਰੰਤ ਸਮਾਂ ਦੇਵੇ: ਐਡਵੋਕੇਟ ਸਿਆਲਕਾ



ਨਵੀਂ ਦਿੱਲੀ, 11 ਮਾਰਚ (ਆਵਾਜ਼ਿ ਕੌਮ ਬਿਊਰੋ): ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ ਹੋਰ ਸਿੰਘਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਸਰਕਾਰ ਦੇ ਖਿਲਾਫ ਕੀਤੀ ਜਾ ਰਹੀ ਭੁੱਖ ਹੜਤਾਲ ਅਤੇ ਉਨ੍ਹਾਂ ਦੇ ਮਾਮਲੇ ਸੁਲਝਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਸਬ-ਕਮੇਟੀ ਨੇ 9 ਮਾਰਚ 2024 ਨੂੰ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਪਾਸੋਂ 13 ਮਾਰਚ 2024 ਤੱਕ ਮੁਲਾਕਾਤ ਲਈ ਮੰਗੇ ਸਮੇਂ ਨੂੰ ਧਿਆਨ ਵਿੱਚ ਰੱਖਦਿਆਂ ਇਸ 'ਤੇ ਤੁਰੰਤ ਕਾਰਵਾਈ ਕਰਨ ਲਈ ਕਿਹਾ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ ਤਿੰਨ ਦਿਨ ਬੀਤ ਜਾਣ ਤੋਂ ਬਾਵਜੂਦ ਵੀ ਪੰਜਾਬ ਸਰਕਾਰ ਜਾਂ ਕਿਸੇ ਵੀ ਸਰਕਾਰੀ ਅਧਿਕਾਰੀ ਵੱਲੋਂ ਸਬ-ਕਮੇਟੀ ਨਾਲ ਕੋਈ ਰਾਬਤਾ ਨਹੀਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਕਮੇਟੀ ਸਰਕਾਰਾਂ ਨਾਲ ਗੱਲਬਾਤ ਕਰਕੇ ਨਜ਼ਰਬੰਦ ਸਿੰਘਾਂ ਦੇ ਮਸਲਿਆਂ ਦਾ ਸਾਰਥਕ ਹੱਲ ਕਰਨ ਲਈ ਬਣਾਈ ਗਈ ਹੈ ਅਤੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੂੰ ਮੁਲਾਕਾਤ ਲਈ ਤੁਰੰਤ ਸਮਾਂ ਦੇਣਾ ਚਾਹੀਦਾ ਹੈ ਐਡਵੋਕੇਟ ਸਿਆਲਕਾ ਨੇ ਕਿਹਾ ਕਿ ਇਸ ਸੰਵੇਦਨਸ਼ੀਨ ਮੁੱਦੇ ਉੱਤੇ ਲੰਮਾ ਸਮਾਂ ਸਰਕਾਰ ਵੱਲੋਂ ਕਿਸੇ ਤਰ੍ਹਾਂ ਦਾ ਕੋਈ ਹੁੰਗਾਰਾ ਨਾ ਭਰਨ ਕਰਕੇ ਅਤੇ ਸਰਕਾਰ ਦੀ ਬੇਰੁਖੀ ਨੂੰ ਮਹਿਸੂਸ ਕਰਦਿਆਂ ਸਬ-ਕਮੇਟੀ ਮੈਂਬਰਾਂ ਵੱਲੋਂ ਸਰਕਾਰ ਨੂੰ ਯਾਦ ਕਰਵਾਉਣ ਲਈ ਅੱਜ 11 ਮਾਰਚ ਨੂੰ ਦੁਬਾਰਾ ਲਿਖਿਆ ਗਿਆ ਹੈ ਕਿ ਸਰਕਾਰ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝੇ। ਉਨ੍ਹਾਂ ਕਿਹਾ ਕਿ ਨਜ਼ਰਬੰਦ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਭੁੱਖ ਹੜਤਾਲ 'ਤੇ ਹਨ ਅਤੇ ਉਨ੍ਹਾਂ ਦੀ ਸਰੀਰਿਕ ਹਾਲਤ ਪਲ ਪਲ ਵਿਗੜਦੀ ਜਾ ਰਹੀ ਹੈ। ਐਡੋਵਕੇਟ ਸਿਆਲਕਾ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਸਰਕਾਰ ਨੇ ਸਾਜ਼ਸ਼ੀ ਢੰਗ ਨਾਲ ਚੁੱਪ ਧਾਰੀ ਹੋਈ ਹੈ, ਜਦਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੰਜੀਦਗੀ ਨਾਲ ਗੱਲਬਾਤ ਦਾ ਰਾਹ ਖੋਲ੍ਹੇ ਤਾਂ ਜੋ ਮਸਲੇ ਦਾ ਹੱਲ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ 6 ਮਾਰਚ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਡਿਬਰੂਗੜ੍ਹ ਵਿਖੇ ਨਜ਼ਰਬੰਦ ਸਿੰਘਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਭੁੱਖ ਹੜਤਾਲ ਦੇ ਮਾਮਲੇ ਨੂੰ ਸੁਲਝਾਉਣ ਲਈ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਡਾ. ਸੁਖਪ੍ਰੀਤ ਸਿੰਘ ਉੱਦੋਕੇ ਅਤੇ ਸ. ਅਜਮੇਰ ਸਿੰਘ ਅਧਾਰਿਤ ਇੱਕ ਸਬ-ਕਮੇਟੀ ਬਣਾਈ ਹੋਈ ਹੈ।

# ਦੇਸ਼ 'ਚ ਲਾਗੂ ਹੋਇਆ CAA

## ਕੇਂਦਰ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ



**ਲੋਕ ਸਭਾ ਚੋਣਾਂ 2024 ਦੇ ਐਲਾਨ ਤੋਂ ਠੀਕ ਪਹਿਲਾਂ ਕੇਂਦਰ ਸਰਕਾਰ ਨੇ (ਸੋਮਵਾਰ, 11 ਮਾਰਚ) ਦੇਸ਼ ਵਿੱਚ ਨਾਗਰਿਕਤਾ ਸੋਧ ਕਾਨੂੰਨ 2019 ਨੂੰ ਲਾਗੂ ਕਰਨ ਬਾਰੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ। ਦੇਸ਼ ਵਿੱਚ ਲਾਗੂ ਨਾਗਰਿਕਤਾ (ਸੋਧ) ਬਿੱਲ 2019 ਦੇ ਵਿਰੋਧ ਵਿੱਚ ਵਿਧਾਨ ਸਭਾ ਵਿੱਚ ਛੇ ਰਾਜਾਂ ਤੋਂ ਇੱਕ ਮਤਾ ਵੀ ਪਾਸ ਕੀਤਾ ਗਿਆ ਹੈ**

ਨਵੀਂ ਦਿੱਲੀ, 11 ਮਾਰਚ (ਆਵਾਜ਼ਿ ਕੌਮ ਬਿਊਰੋ)- ਲੋਕ ਸਭਾ ਚੋਣਾਂ 2024 ਦੇ ਐਲਾਨ ਤੋਂ ਠੀਕ ਪਹਿਲਾਂ ਕੇਂਦਰ ਸਰਕਾਰ ਨੇ ਸੋਮਵਾਰ, 11 ਮਾਰਚ ਨੂੰ ਦੇਸ਼ ਵਿੱਚ ਨਾਗਰਿਕਤਾ ਸੋਧ ਕਾਨੂੰਨ 2019 (311) ਨੂੰ ਲਾਗੂ ਕਰਨ ਬਾਰੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਜੋ ਕਿ ਸੋਮਵਾਰ ਰਾਤ ਤੋਂ ਦੇਸ਼ 'ਚ ਲਾਗੂ ਹੋ ਗਿਆ ਹੈ। ਨਾਗਰਿਕਤਾ ਸੋਧ ਕਾਨੂੰਨ ਦੇ ਤਹਿਤ ਬੰਗਲਾਦੇਸ਼, ਪਾਕਿਸਤਾਨ ਅਤੇ ਅਫਗਾਨਿਸਤਾਨ ਤੋਂ ਆਏ ਹਿੰਦੂ, ਸਿੱਖ, ਜੈਨ, ਬੋਧੀ, ਪਾਰਸੀ ਅਤੇ ਈਸਾਈ ਸਮੇਤ ਅਤਿਆਚਾਰ ਦਾ ਸਾਹਮਣਾ ਕਰਨ ਵਾਲੇ ਗੈਰ-ਮੁਸਲਿਮ ਪ੍ਰਵਾਸੀਆਂ ਨੂੰ ਭਾਰਤੀ ਨਾਗਰਿਕਤਾ ਦਿੱਤੀ ਜਾਣੀ ਹੈ, ਜੋ 31 ਦਸੰਬਰ 2014 ਤੋਂ ਪਹਿਲਾਂ ਭਾਰਤ ਵਿੱਚ ਵੱਸ ਗਏ ਸਨ। ਇਹ ਦਸੰਬਰ 2019 ਵਿੱਚ ਸੰਸਦ ਵਿੱਚ ਪਾਸ ਕੀਤਾ ਗਿਆ ਸੀ। ਇਸ ਨੂੰ ਰਾਸ਼ਟਰਪਤੀ ਤੋਂ ਮਨਜ਼ੂਰੀ ਵੀ ਮਿਲ ਗਈ ਹੈ। ਇਹ ਬਿੱਲ ਭਾਰਤ ਵਿੱਚ ਕਿਸੇ ਵੀ ਘੱਟ ਗਿਣਤੀ ਦੇ ਵਿਰੁੱਧ ਨਹੀਂ ਹੈ ਅਤੇ ਹਰ ਭਾਰਤੀ ਨਾਗਰਿਕ ਦੇ ਅਧਿਕਾਰਾਂ ਦੀ ਬਰਾਬਰ ਸੁਰੱਖਿਆ ਕੀਤੀ ਜਾਵੇਗੀ। ਦੇਸ਼ ਵਿੱਚ ਲਾਗੂ ਨਾਗਰਿਕਤਾ (ਸੋਧ) ਬਿੱਲ 2019 ਦੇ ਵਿਰੋਧ ਵਿੱਚ ਵਿਧਾਨ ਸਭਾ ਵਿੱਚ ਛੇ ਰਾਜਾਂ ਤੋਂ ਇੱਕ ਮਤਾ ਵੀ ਪਾਸ ਕੀਤਾ ਗਿਆ ਹੈ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਕੇਰਲ ਵਿਧਾਨ ਸਭਾ, ਪੰਜਾਬ ਵਿਧਾਨ ਸਭਾ, ਰਾਜਸਥਾਨ ਵਿਧਾਨ ਸਭਾ, ਪੱਛਮੀ ਬੰਗਾਲ ਵਿਧਾਨ ਸਭਾ, ਪੁਡੂਚੇਰੀ ਵਿਧਾਨ ਸਭਾ ਅਤੇ ਤੇਲੰਗਾਨਾ ਵਿਧਾਨ ਸਭਾ ਸ਼ਾਮਲ ਹਨ। ਦਸੰਬਰ 2019 ਵਿੱਚ ਪਾਸ ਕੀਤੇ ਗਏ ਨਾਗਰਿਕਤਾ ਸੋਧ ਕਾਨੂੰਨ ਨੂੰ 9 ਦਸੰਬਰ ਨੂੰ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਸੀ। ਇਸ ਦੇ ਹੱਕ ਵਿੱਚ 311 ਅਤੇ ਵਿਰੋਧ ਵਿੱਚ 80 ਵੋਟਾਂ ਪਈਆਂ। ਇਸੇ ਤਰ੍ਹਾਂ ਰਾਜ ਸਭਾ ਵਿੱਚ ਸੀਏਏ ਦੇ ਪੱਖ ਵਿੱਚ 125 ਅਤੇ ਵਿਰੋਧ ਵਿੱਚ 105 ਵੋਟਾਂ ਪਈਆਂ। ਇਸ ਤੋਂ ਬਾਅਦ ਰਾਸ਼ਟਰਪਤੀ ਦੁਆਰਾ ਇਸ ਬੋਰਡ ਨੂੰ 12 ਦਸੰਬਰ ਨੂੰ ਮਨਜ਼ੂਰੀ ਮਿਲ ਗਈ ਸੀ। ਪਰ ਸਰਕਾਰ ਨੇ ਇਸ ਨੂੰ ਨੋਟੀਫਾਈ ਨਹੀਂ ਕੀਤਾ। ਉਸ ਸਮੇਂ ਦੇਸ਼ ਭਰ 'ਚ ਇਸ ਕਾਨੂੰਨ ਵਿਰੁੱਧ ਕਾਫੀ ਵਿਰੋਧ ਪ੍ਰਦਰਸ਼ਨ ਹੋਏ ਸਨ। ਮੁਸਲਿਮ ਸੰਗਠਨ ਨੇ ਇਸਦਾ ਪੁਰਜ਼ੋਰ ਵਿਰੋਧ ਕੀਤਾ ਸੀ।


ਆਵਾਜ਼ਿ ਕੌਮ AWAZE QAUM International Newspaper & WEB TV


## ਸੀਏਏ ਲਾਗੂ ਹੋਣ ਤੋਂ ਬਾਅਦ ਦਿੱਲੀ 'ਚ ਵਧਾਈ ਸੁਰੱਖਿਆ, ਸ਼ਾਹੀਨ ਬਾਗ 'ਚ ਸੁਰੱਖਿਆ ਬਲਾਂ ਦਾ ਫਲੈਗ ਮਾਰਚ

**ਦੇਸ਼ ਵਿੱਚ ਨਾਗਰਿਕਤਾ ਸੋਧ ਕਾਨੂੰਨ ਲਾਗੂ ਹੋ ਗਿਆ ਹੈ।** ਇਸ ਦਾ ਨੋਟੀਫਿਕੇਸ਼ਨ ਸੋਮਵਾਰ (11 ਮਾਰਚ) ਨੂੰ ਜਾਰੀ ਕੀਤਾ ਗਿਆ। ਸੀਏਏ ਲਾਗੂ ਹੋਣ ਤੋਂ ਬਾਅਦ ਦਿੱਲੀ ਦੇ ਸ਼ਾਹੀਨ ਬਾਗ 'ਚ ਸੁਰੱਖਿਆ ਵਧਾ ਦਿੱਤੀ ਗਈ ਹੈ। ਸੁਰੱਖਿਆ ਬਲਾਂ ਨੇ ਸ਼ਾਹੀਨ ਬਾਗ ਵਿੱਚ ਫਲੈਗ ਮਾਰਚ ਕੀਤਾ। ਦਿੱਲੀ ਦੇ ਕਈ ਇਲਾਕਿਆਂ 'ਚ ਸੁਰੱਖਿਆ ਵਧਾ ਦਿੱਤੀ ਗਈ ਹੈ। ਦੱਸ ਦੇਈਏ ਕਿ ਸ਼ਾਹੀਨ ਬਾਗ ਸੀਏਏ ਦੇ ਵਿਰੋਧ ਦਾ ਕੇਂਦਰ ਬਣ ਗਿਆ ਸੀ। ਇਸ ਦੇ ਵਿਰੋਧ ਵਿੱਚ ਕਈ ਮਹੀਨਿਆਂ ਤੋਂ ਇੱਥੇ ਸੜਕ ਜਾਮ ਕੀਤੀ ਗਈ ਸੀ। ਇਸ ਦੌਰਾਨ ਦਿੱਲੀ ਪੁਲਿਸ ਦਾ ਸਾਈਬਰ ਵਿੰਗ ਅਲਰਟ 'ਤੇ ਹੈ। ਦੇਸ਼ ਭਰ ਦੀਆਂ ਸੁਰੱਖਿਆ ਏਜੰਸੀਆਂ ਅਤੇ ਪੁਲਿਸ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਨਜ਼ਰ ਰੱਖ ਰਹੀ ਹੈ। ਸੀਏਏ ਦੇ ਲਾਗੂ ਹੋਣ ਦੇ ਮੱਦੇਨਜ਼ਰ, ਦਿੱਲੀ ਐਨਸੀਆਰ ਸਮੇਤ ਦੇਸ਼ ਭਰ ਵਿੱਚ ਪੁਲਿਸ ਦੇ ਖੁਫੀਆ ਵਿੰਗ ਚੌਕਸ ਹਨ ਅਤੇ ਇਹ ਯਕੀਨੀ ਬਣਾਉਣ ਲਈ ਤਿਆਰ ਹਨ ਕਿ ਸਮਾਜ ਵਿਰੋਧੀ ਅਨਸਰ ਸੋਸ਼ਲ ਮੀਡੀਆ ਰਾਹੀਂ ਭਾਰਤ ਵਿਰੋਧੀ ਪ੍ਰਚਾਰ ਨਾ ਫੈਲਾਉਣ ਜਾਂ ਝੂਠੀਆਂ ਅਤੇ ਗੁੰਮਰਾਹਕੁੰਨ ਪੋਸਟਾਂ ਨੂੰ ਸਾਂਝਾ ਨਾ ਕਰਨ। ਏਜੰਸੀਆਂ ਇਹ ਸੁਨਿਸ਼ਚਿਤ ਕਰਨ ਲਈ ਅਲਰਟ ਮੋਡ ਵਿੱਚ ਆ ਗਈਆਂ ਹਨ ਕਿ ਕੋਈ ਵੀ ਝੂਠੀ ਅਫਵਾਹ ਨਾ ਫੈਲਣ ਦਿੱਤੀ ਜਾਵੇ ਅਤੇ ਅਜਿਹਾ ਕਰਨ ਵਾਲਿਆਂ 'ਤੇ ਤਿੱਖੀ ਨਜ਼ਰ ਰੱਖੀ ਜਾਵੇ।



ਭਾਈ ਪ੍ਰਗਟ ਸਿੰਘ ਨਿੱਝਰ ਦਾ ਪਰਿਵਾਰ ਅੱਜ ਤੱਖਤ ਦਮਦਮਾ ਸਾਹਿਬ ਵਿਖੇ ਮੱਥਾ ਟੇਕਣ ਲਈ ਪਹੁੰਚਿਆ, ਜਿਥੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ ਨੇ ਭਾਈ ਨਿੱਝਰ ਦੇ ਪਰਿਵਾਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

## ਲੋਕਸਭਾ ਚੋਣਾਂ -2024: ਵੱਧਣ ਲੱਗੀ ਪ੍ਰਾਈਵੇਟ ਜਹਾਜ਼ ਤੇ ਹੈਲੀਕਾਪਟਰ ਦੀ ਮੰਗ

### ਹੈਲੀਕਾਪਟਰ ਦਾ ਪ੍ਰਤੀ ਘੰਟਾ ਚਾਰਜ ਲਗਭਗ 1.5 ਲੱਖ ਰੁਪਏ ਹੋਵੇਗਾ

ਚੰਡੀਗੜ੍ਹ, 12 ਮਾਰਚ (ਆਵਾਜ਼ਿ ਕੌਮ ਬਿਊਰੋ)- ਹਵਾਬਾਜ਼ੀ ਉਦਯੋਗ ਦੇ ਮਾਹਰਾਂ ਦਾ ਕਹਿਣਾ ਹੈ ਕਿ ਜਿਵੇਂ-ਜਿਵੇਂ ਸਿਆਸੀ ਪਾਰਟੀਆਂ 2024 ਦੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਕਰ ਰਹੀਆਂ ਹਨ, ਪਿਛਲੀਆਂ ਆਮ ਚੋਣਾਂ ਦੇ ਮੁਕਾਬਲੇ ਵਿਸ਼ੇਸ਼ ਜਹਾਜ਼ਾਂ ਅਤੇ ਹੈਲੀਕਾਪਟਰਾਂ ਦੀ ਮੰਗ 40 ਫੀਸਦੀ ਵਧਣ ਦੀ ਸੰਭਾਵਨਾ ਹੈ। ਕਲੱਬ ਵਨ ਏਅਰ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਰਾਜਨ ਮਹਿਰਾ ਨੇ ਪੀਟੀਆਈ ਨੂੰ ਦੱਸਿਆ, "ਨਿੱਜੀ ਜਹਾਜ਼ਾਂ ਦੀ ਮੰਗ ਤੇਜ਼ੀ ਨਾਲ ਵਧੇਗੀ ਅਤੇ ਇਹ ਮੰਗ ਵਿਸ਼ੇਸ਼ ਜਹਾਜ਼ਾਂ ਅਤੇ ਹੈਲੀਕਾਪਟਰਾਂ ਦੀ ਉਪਲਬਧਤਾ ਤੋਂ ਵੱਧ ਹੋਣ ਦੀ ਉਮੀਦ ਹੈ। ਵਿਸ਼ੇਸ਼ ਹਵਾਈ ਜਹਾਜ਼ ਅਤੇ ਹੈਲੀਕਾਪਟਰ ਸੇਵਾਵਾਂ ਪ੍ਰਤੀ ਘੰਟੇ ਦੇ ਆਧਾਰ 'ਤੇ ਚਾਰਜ ਕੀਤੀਆਂ ਜਾਂਦੀਆਂ ਹਨ। ਉਦਯੋਗ ਦੇ ਮਾਹਰਾਂ ਦਾ ਮੰਨਣਾ ਹੈ ਕਿ ਵਿਸ਼ੇਸ਼ ਜਹਾਜ਼ਾਂ ਦਾ ਖਰਚਾ 4.5 ਲੱਖ ਰੁਪਏ ਤੋਂ 5.25 ਲੱਖ ਰੁਪਏ ਪ੍ਰਤੀ ਘੰਟਾ ਹੋ ਸਕਦਾ ਹੈ। ਹੈਲੀਕਾਪਟਰ ਦਾ ਪ੍ਰਤੀ ਘੰਟਾ ਚਾਰਜ ਲਗਭਗ 1.5 ਲੱਖ ਰੁਪਏ ਹੋਵੇਗਾ। ਬਿਜ਼ਨਸ ਏਅਰਕ੍ਰਾਫਟ ਆਪਰੇਟਰਜ਼ ਐਸੋਸੀਏਸ਼ਨ (ਬੀ.ਏ.ਓ.ਏ.) ਦੇ ਮੈਨੇਜਿੰਗ ਡਾਇਰੈਕਟਰ ਕੈਪਟਨ ਆਰਕੇ ਬਾਲੀ ਨੇ ਪੀਟੀਆਈ ਨੂੰ ਦੱਸਿਆ ਕਿ ਲੋਕ ਸਭਾ ਚੋਣਾਂ ਦੌਰਾਨ ਨਿੱਜੀ ਵਿਸ਼ੇਸ਼ ਜਹਾਜ਼ਾਂ ਅਤੇ ਹੈਲੀਕਾਪਟਰਾਂ ਦੀ ਮੰਗ ਪਿਛਲੀਆਂ ਚੋਣਾਂ ਦੇ ਮੁਕਾਬਲੇ 30 ਤੋਂ 40 ਫੀਸਦੀ ਵਧਣ ਦੀ ਉਮੀਦ ਹੈ।


ਆਵਾਜ਼ਿ ਕੌਮ AWAZE QAUM International Newspaper & WEB TV


### ਅਧਿਕਾਰਤ ਅੰਕੜਿਆਂ ਤੋਂ ਪਤਾ ਚੱਲਦਾ ਕਿ ...

ਅਧਿਕਾਰਤ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਦਸੰਬਰ 2023 ਦੇ ਅੰਤ ਤੱਕ 112 ਗੈਰ-ਅਨੁਸੂਚਿਤ ਆਪਰੇਟਰ ਸਨ। ਆਮ ਤੌਰ 'ਤੇ NSOPs ਇਕਾਈਆਂ ਹੁੰਦੀਆਂ ਹਨ ਜਿਨ੍ਹਾਂ ਦਾ ਕੋਈ ਖਾਸ ਅਨੁਸੂਚਿਤ ਸਮਾਂ-ਸਾਰਣੀ ਨਹੀਂ ਹੁੰਦੀ ਹੈ ਅਤੇ ਉਨ੍ਹਾਂ ਦੇ ਜਹਾਜ਼ ਲੋੜ ਪੈਣ 'ਤੇ ਉੱਡਦੇ ਹਨ। ਬਾਲੀ ਨੇ ਕਿਹਾ ਕਿ ਇੱਥੇ ਲਗਭਗ 112 NSOPs ਹਨ ਪਰ ਉਨ੍ਹਾਂ ਵਿੱਚੋਂ 40-50 ਪ੍ਰਤੀਸ਼ਤ ਸਿਰਫ ਇੱਕ ਜਹਾਜ਼ ਚਲਾਉਂਦੇ ਹਨ। ਉਨ੍ਹਾਂ ਕਿਹਾ ਕਿ ਐਨਐਸਓਪੀ ਕੋਲ 450 ਦੇ ਕਰੀਬ ਜਹਾਜ਼ ਹੋਣ ਦਾ ਅਨੁਮਾਨ ਹੈ। ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਐਵੀਏਸ਼ਨ (ਡੀਜੀਸੀਏ) ਕੋਲ ਉਪਲਬਧ ਅੰਕੜਿਆਂ ਅਨੁਸਾਰ ਇਨ੍ਹਾਂ 'ਆਪਰੇਟਰਾਂ' ਦੀ ਮਲਕੀਅਤ ਵਾਲੇ ਜਹਾਜ਼ਾਂ ਅਤੇ ਹੈਲੀਕਾਪਟਰਾਂ ਦੀ ਬੈਠਣ ਦੀ ਸਮਰੱਥਾ ਤਿੰਨ ਤੋਂ 37 ਤੱਕ ਹੈ। ਅੰਕੜੇ ਦੱਸਦੇ ਹਨ ਕਿ ਜ਼ਿਆਦਾਤਰ ਜਹਾਜ਼ਾਂ ਅਤੇ ਹੈਲੀਕਾਪਟਰਾਂ ਦੀ ਬੈਠਣ ਦੀ ਸਮਰੱਥਾ 10 ਤੋਂ ਘੱਟ ਹੁੰਦੀ ਹੈ।

### ਪੰਜਾਬ ਸਰਕਾਰ ਨੂੰ ਡੇਗਣ ਦੀ ਕੋਸ਼ਿਸ਼ ?

## ਕੇਜਰੀਵਾਲ ਨੇ ਕੀਤਾ ਵੱਡਾ ਦਾਅਵਾ, ਬੋਲੇ...

## ਭਗਵੰਤ ਮਾਨ ਇਕੱਲੇ ਲੜ ਰਹੇ, ਸਾਥ ਦਿਓ

ਚੰਡੀਗੜ੍ਹ, 12 ਮਾਰਚ (ਆਵਾਜ਼ਿ ਕੌਮ ਬਿਊਰੋ)- ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਸਰਕਾਰ ਨੂੰ ਡੇਗਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਖਿਲਾਫ ਸੀਐਮ ਭਗਵੰਤ ਮਾਨ ਇਕੱਲੇ ਲੜ ਰਹੇ ਹਨ। ਉਨ੍ਹਾਂ ਨੇ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਅਜਿਹੀ ਸਥਿਤੀ ਵਿੱਚ ਸਹਿਯੋਗ ਦਿਓ ਤੇ ਪੰਜਾਬ ਤੋਂ 13 ਸੰਸਦ ਮੈਂਬਰ ਆਮ ਆਦਮੀ ਪਾਰਟੀ ਦੇ ਭੇਜੋ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਦੇ 13 ਸੰਸਦ ਮੈਂਬਰ ਪਾਰਲੀਮੈਂਟ ਵਿੱਚ ਜਾ ਕੇ ਆਪਣੀ ਆਵਾਜ਼ ਉਠਾਉਣਗੇ, ਫਿਰ ਵੇਖਿਓ ਕੀ ਹੋਏਗਾ। ਕੇਜਰੀਵਾਲ ਨੇ ਕਿਹਾ ਕਿ ਪਹਿਲਾਂ ਵੀ ਤੁਸੀਂ 13 ਸੰਸਦ ਮੈਂਬਰ ਚੁਣ ਕੇ ਭੇਜੇ ਸਨ, ਪਰ ਉਨ੍ਹਾਂ ਨੇ ਉੱਥੇ ਕੋਈ ਆਵਾਜ਼ ਨਹੀਂ ਉਠਾਈ। ਜਦੋਂ ਵੀ ਲੋੜ ਪਈ ਤਾਂ ਉਹ ਮਟਰਗਸ਼ਤੀ ਕਰਦੇ ਰਹੇ। ਕੇਜਰੀਵਾਲ ਨੇ ਕਿਹਾ ਕਿ ਉਹ ਕੰਮ ਲਈ ਵੋਟਾਂ ਮੰਗ ਰਹੇ ਹਨ। ਸਾਨੂੰ ਗੋਲੀ-ਗਲੋਚ ਤੇ ਭ੍ਰਿਸ਼ਟਾਚਾਰ ਨਹੀਂ ਆਉਂਦਾ। ਦੂਜੀਆਂ ਪਾਰਟੀਆਂ ਦੇ ਲੋਕ ਕਹਿ ਰਹੇ ਹਨ ਕਿ ਸਾਨੂੰ 370 ਸੀਟਾਂ ਮਿਲ ਰਹੀਆਂ ਹਨ।






ਆਵਾਜ਼ਿ ਕੌਮ AWAZE QAUM International Newspaper & WEB TV


## ਗੈਂਗਸਟਰ ਸੰਦੀਪ ਜਠੇਰੀ ਅਤੇ ਅਪਰਾਧੀ ਅਨੁਰਾਧਾ ਚੌਧਰੀ ਉਰਫ਼ 'ਮੈਡਮ ਮਿੰਜ' ਦਾ ਵਿਆਹ ਅੱਜ ਹੋਵੇਗਾ



ਨਵੀਂ ਦਿੱਲੀ, 11 ਮਾਰਚ (ਆਵਾਜ਼ਿ ਕੌਮ ਬਿਊਰੋ)- ਗੈਂਗਸਟਰ ਸੰਦੀਪ ਉਰਫ਼ ਕਾਲਾ ਜਠੇਰੀ ਅਤੇ ਆਦੀ ਅਪਰਾਧੀ ਅਨੁਰਾਧਾ ਚੌਧਰੀ ਉਰਫ਼ "ਮੈਡਮ ਮਿੰਜ' ਦੇ 12 ਮਾਰਚ ਨੂੰ ਹੋਣ ਵਾਲੇ ਵਿਆਹ ਲਈ ਦਿੱਲੀ ਦਾ ਇਕ ਬੈਂਕੁਇਟ ਹਾਲ ਲਗਭਗ ਕਿਲੇ ਵਿਚ ਤਬਦੀਲ ਹੋ ਗਿਆ ਹੈ ਅਤੇ ਨਿਗਰਾਨੀ ਲਈ ਡਰੋਨ ਦੀ ਮਦਦ ਲਈ ਜਾਵੇਗੀ। ਬੈਂਕੁਏਟ ਹਾਲ ਦੇ ਪ੍ਰਵੇਸ਼ ਦੁਆਰ 'ਤੇ ਮੈਟਲ ਡਿਟੈਕਟਰ ਲਗਾਏ ਗਏ ਹਨ, ਵਿਆਹ ਸਮਾਗਮਾਂ 'ਤੇ ਡਰੋਨ ਰਾਹੀਂ ਨਜ਼ਰ ਰੱਖੀ ਜਾਵੇਗੀ ਅਤੇ ਸੁਰੱਖਿਆ ਲਈ ਹਥਿਆਰਬੰਦ ਕਮਾਂਡੋ ਤਾਇਨਾਤ ਕੀਤੇ ਗਏ ਹਨ। ਅਧਿਕਾਰਤ ਸੂਤਰਾਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਸੂਤਰਾਂ ਮੁਤਾਬਕ ਦਿੱਲੀ ਪੁਲਿਸ ਨੇ ਗੈਂਗਵਾਰ ਦੇ ਨਾਲ- ਨਾਲ ਸੰਦੀਪ ਦੇ ਹਿਰਾਸਤ 'ਚੋਂ ਫ਼ਰਾਰ ਹੋਣ ਵਰਗੀ ਕਿਸੇ ਵੀ ਘਟਨਾ ਤੋਂ ਬਚਣ ਲਈ ਯੋਜਨਾ ਤਿਆਰ ਕੀਤੀ ਹੈ। ਦਵਾਰਕਾ ਸੈਕਟਰ 3 ਸਥਿਤ ਸੰਤੋਸ਼ ਗਾਰਡਨ ਬੈਂਕੁਏਟ ਨੂੰ ਸੰਦੀਪ ਦੇ ਵਕੀਲ ਨੇ ਤਿਹਾੜ ਜੇਲ੍ਹ ਤੋਂ ਸੱਤ ਕਿਲੋਮੀਟਰ ਦੂਰ 51 ਹਜ਼ਾਰ ਰੁਪਏ ਵਿੱਚ ਬੁੱਕ ਕਰਵਾਇਆ ਹੈ। ਦਿੱਲੀ ਪੁਲਿਸ ਦੇ ਇੱਕ ਅਧਿਕਾਰੀ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਕਿਹਾ, ਬੈਂਕਵੇਟ ਹਾਲ ਦੇ ਪ੍ਰਵੇਸ਼ ਦੁਆਰ 'ਤੇ ਮੈਟਲ ਡਿਟੈਕਟਰ ਲਗਾਏ ਗਏ ਹਨ। ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਨੂੰ ਦਾਖਲੇ ਤੋਂ ਪਹਿਲਾਂ ਬਾਰ-ਕੋਡ ਬੈਂਡ ਦਿੱਤੇ ਜਾਣਗੇ ਅਤੇ ਬੈਂਕੁਇਟ ਹਾਲ ਦੇ ਨਾਲ ਲੱਗਦੇ ਪਾਰਕਿੰਗ ਖੇਤਰ ਵਿੱਚ ਐਂਟਰੀ ਪਾਸ ਤੋਂ ਬਿਨਾਂ ਕਿਸੇ ਵੀ ਵਾਹਨ ਨੂੰ ਪਾਰਕ ਕਰਨ ਦੀ ਆਗਿਆ ਨਹੀਂ ਹੋਵੇਗੀ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



ਹੋਲਾ ਮਹੱਲਾ ਸ਼੍ਰੀ ਅਨੰਦਪੁਰ ਸਾਹਿਬ ਜੀ

ਹੋਲੇ ਮਹੱਲੇ ਨੂੰ ਸਮਰਪਿਤ

# ਵਿਸ਼ਾਲ ਨਗਰ ਕੀਰਤਨ ਕਾਜ਼ਲਮੋਰਾਨੋ

23 ਮਾਰਚ 2024 ਸਨੀਵਾਰ ਗੁਰਦੁਆਰਾ ਸਾਹਿਬ ਤੋ ਨਗਰ ਕੀਰਤਨ ਦੀ ਅਰੰਭਤਾ 12 ਵਜੇਂ ਹੋਵੇਗੀ ਅਤੇ ਗੁਰਦੁਆਰਾ ਸਾਹਿਬ ਵਿਖੇ ਹੀ ਸ਼ਾਮ 5 ਵਜੇ ਸਮਾਪਤੀ ਹੋਵੇਗੀ।

ਨਗਰ ਕੀਰਤਨ ਵਿੱਚ ਸ਼ਮੂਲੀਅਤ ਸਿੱਖ ਪ੍ਰਚਾਰਕ ਕਥਾ ਵਾਚਕ, ਰਾਗੀ ਸਿੰਘ ਕਵੀਸ਼ਰੀ,ਢਾਡੀ ਜਥੇ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ਸ਼ੇਅਰ ਜ਼ਰੂਰੀ ਕਰਨਾ ਜੀ
☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਆਪਣਾ ਕੀਮਤੀ ਸਮਾਂ ਕੱਢ ਕੇ ਨਗਰ ਕੀਰਤਨ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778





## ਮੁੱਖ ਚੋਣ ਕਮਿਸ਼ਨਰ ਗੋਇਲ ਦਾ ਅਸਤੀਫਾ

# ਬੀਜੇਪੀ ਦੀ ਹੋਣ ਜਾ ਰਹੀ ਹਾਰ ਨੂੰ ਕਰਦਾ ਹੈ ਸਪੱਸਟ: ਟਿਵਾਣਾ

**ਕਿਹਾ ਕਿ ਇਸ ਸਮੇ ਅਜਿਹੀ ਸਥਿਤੀ ਵਿਚ ਸੁਪਰੀਮ ਕੋਰਟ ਦੇ ਮੁੱਖ ਜੱਜ ਸ੍ਰੀ ਚੰਦਰਚੂਹੜ ਹੀ ਇਸ ਘੁੱਪ ਹਨ੍ਹੇਰੇ ਵਿਚ ਇਕ ਕਿਰਨ ਨਜਰ ਆ ਰਹੇ ਹਨ ਜੋ ਇਸ ਦਿਸ਼ਾ ਵੱਲ ਜਮਹੂਰੀਅਤ ਅਤੇ ਵਿਧਾਨ ਦੀ ਰਾਖੀ ਕਰਨ ਲਈ ਸੁਹਿਰਦ ਉੱਦਮ ਕਰ ਸਕਦੇ ਹਨ .....**



ਨਵੀਂ ਦਿੱਲੀ, 11 ਮਾਰਚ (ਮਨਪ੍ਰੀਤ ਸਿੰਘ ਖਾਲਸਾ):– "ਜਿਵੇ ਬੀਜੇਪੀ–ਆਰ.ਐਸ.ਐਸ ਦੇ ਕੱਟੜਵਾਦੀ ਹੁਕਮਰਾਨਾਂ ਤੇ ਸਿਆਸਤਦਾਨਾਂ ਦੇ ਅਮਲਾਂ ਅਧੀਨ ਮੁਲਕ ਤਾਨਾਸਾਹੀ ਗੈਰ ਵਿਧਾਨਿਕ ਸੋਚ ਵੱਲ ਵੱਧ ਰਿਹਾ ਹੈ ਉਸ ਤੋ ਸਪੱਸਟ ਹੈ ਕਿ ਇਥੇ ਜਮਹੂਰੀਅਤ ਕਦਰਾਂ ਕੀਮਤਾਂ ਖਤਮ ਹੋਣ ਦੇ ਕਿਨਾਰੇ ਤੱਕ ਪਹੁੰਚ ਚੁੱਕੀਆਂ ਹਨ । ਜਿਹੜੀ ਅਫਸਰਸਾਹੀ ਹੁਕਮਰਾਨਾਂ ਦੇ ਗੈਰ ਕਾਨੂੰਨੀ ਆਦੇਸ਼ਾਂ ਨੂੰ ਪ੍ਰਵਾਨ ਨਹੀ ਕਰਦੀ, ਉਨ੍ਹਾਂ ਨੂੰ ਆਪਣੇ ਅਹੁਦਿਆ ਤੋ ਅਸਤੀਫੇ ਦੇਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਜਾਂ ਫਿਰ ਆਪਣੀ ਜਮੀਰ ਨੂੰ ਮਾਰਕੇ ਹੁਕਮਰਾਨਾਂ ਦੀਆਂ ਇਛਾਵਾ ਅਨੁਸਾਰ ਕੰਮ ਕਰਨਾ ਪੈ ਰਿਹਾ ਹੈ । ਦੋਵੇ ਸਥਿਤੀਆਂ ਜਮਹੂਰੀਅਤ ਦਾ ਘਾਣ ਕਰਨ ਵਾਲੀਆ ਅਤੇ ਤਾਨਾਸਾਹੀ ਅਮਲਾਂ ਨੂੰ ਮਜਬੂਤ ਕਰਨ ਵਾਲੀਆ ਹਨ । ਤੀਸਰਾ ਈ.ਡੀ, ਸੀ.ਬੀ.ਆਈ ਵਰਗੀਆਂ ਆਜਾਦ ਸੰਸਥਾਵਾਂ ਦੀ ਹੁਕਮਰਾਨ ਜਿਵੇ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਦੁਰਵਰਤੋ ਕਰਦਾ ਨਜਰ ਆ ਰਿਹਾ ਹੈ, ਇਹ ਵਰਤਾਰਾ ਵੀ ਅੱਛੇ ਸਮਾਜ ਦੀ ਸਿਰਜਣਾ ਵਿਚ ਵੱਡੀ ਰੁਕਾਵਟ ਬਣਕੇ ਉੱਭਰ ਰਿਹਾ ਹੈ ।ਅਜਿਹੀ ਗੁੰਝਲਦਾਰ ਸਥਿਤੀ ਵਿਚੋ ਮੁਲਕ ਨਿਵਾਸੀਆ ਨੂੰ ਕੱਢਣ ਲਈ ਇਕੋ ਇਕ ਸਹੀ ਅਮਲ ਹੈ ਕਿ ਚੋਣ ਕਮਿਸਨ ਦ੍ਰਿੜਤਾ ਨਾਲ ਆਜਾਦ ਤੇ ਨਿਰਪੱਖ ਚੋਣਾਂ ਕਰਵਾਉਣ ਦਾ ਪ੍ਰਬੰਧ ਕਰਨ ਦੇ ਨਾਲ–ਨਾਲ ਈ.ਵੀ.ਐਮ ਮਸੀਨਾਂ ਦੀ ਵੱਡੇ ਪੱਧਰ ਤੇ ਹੋ ਰਹੀ ਦੁਰਵਰਤੋ ਨੂੰ ਸਖਤੀ ਨਾਲ ਰੋਕੇ । ਪਰ ਦੁੱਖ ਅਤੇ ਅਫਸੋਸ ਹੈ ਕਿ ਸ੍ਰੀ ਅਰੁਣ ਗੋਇਲ ਵਰਗਾਂ ਨਿਰਪੱਖ ਤੇ ਆਜਾਦ ਚੋਣਾਂ ਕਰਵਾਉਣ ਲਈ ਚੋਣ ਕਮਿਸਨਰ ਮਿਲਿਆ ਸੀ । ਲੇਕਿਨ ਉਨ੍ਹਾਂ ਨੂੰ ਵੀ ਇਸ ਅਹੁਦੇ ਤੋ ਅਸਤੀਫਾ ਦੇਣਾ ਪਿਆ । ਫਿਰ ਅਜਿਹੇ ਹਾਲਾਤਾਂ ਵਿਚ ਨਿਰਪੱਖ ਤੇ ਆਜਾਦ ਚੋਣਾਂ ਦੀ ਉਮੀਦ ਕਿਵੇ ਰੱਖੀ ਜਾ ਸਕਦੀ ਹੈ ? ਫਿਰ ਲੋਕਾਂ ਦੇ ਸਹੀ ਫਤਵੇ ਦੇ ਨਤੀਜੇ ਕਿਵੇ ਕੱਢੇ ਜਾ ਸਕਣਗੇ ?" ਇਹ ਵਿਚਾਰ ਸ. ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੁਲਕ ਵਿਚ ਜਮਹੂਰੀਅਤ ਦਾ ਹਰ ਖੇਤਰ ਵਿਚ ਹੋ ਰਹੇ ਘਾਣ, ਇਥੋ ਤੱਕ ਨਿਰਪੱਖ ਚੋਣਾਂ ਕਰਵਾਉਣ ਉਤੇ ਲੱਗਦੇ ਜਾ ਰਹੇ ਵੱਡੇ ਪ੍ਰਸ਼ਨ ਚਿੰਨ੍ਹ ਉਤੇ ਗਹਿਰੀ ਚਿੰਤਾ ਜਾਹਰ ਕਰਦੇ ਹੋਏ ਅਤੇ ਸ੍ਰੀ ਅਰੁਣ ਗੋਇਲ ਵਰਗੇ ਇਮਾਨਦਾਰ ਅਫਸਰ ਨੂੰ ਅਸਤੀਫਾ ਦੇਣ ਲਈ ਮਜਬੂਰ ਕਰਨ ਸੰਬੰਧੀ ਵਿਚਾਰ ਪ੍ਰਗਟ ਕਰਦੇ ਹੋਏ ਜਾਹਰ ਕੀਤੇ । ਉਨ੍ਹਾਂ ਕਿਹਾ ਕਿ ਇਸ ਸਮੇ ਅਜਿਹੀ ਸਥਿਤੀ ਵਿਚ ਸੁਪਰੀਮ ਕੋਰਟ ਦੇ ਮੁੱਖ ਜੱਜ ਸ੍ਰੀ ਚੰਦਰਚੂਹੜ ਹੀ ਇਸ ਘੁੱਪ ਹਨ੍ਹੇਰੇ ਵਿਚ ਇਕ ਕਿਰਨ ਨਜਰ ਆ ਰਹੇ ਹਨ ਜੋ ਇਸ ਦਿਸ਼ਾ ਵੱਲ ਜਮਹੂਰੀਅਤ ਅਤੇ ਵਿਧਾਨ ਦੀ ਰਾਖੀ ਕਰਨ ਲਈ ਸੁਹਿਰਦ ਉੱਦਮ ਕਰ ਸਕਦੇ ਹਨ । ਇਸ ਲਈ ਉਨ੍ਹਾਂ ਨੂੰ ਅਤੇ ਸੁਪਰੀਮ ਕੋਰਟ ਦੇ ਜੱਜ ਸਾਹਿਬਾਨ ਨੂੰ ਇਕ ਰੂਪ ਵਿਚ ਵਿਧਾਨ ਦੀ ਰੱਖਿਆ ਕਰਨ ਲਈ ਅਤੇ ਲੋਕਤੰਤਰ ਨੂੰ ਬਚਾਉਣ ਲਈ ਸਮੂਹਿਕ ਉੱਦਮ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸੂਬੇ ਦੀ ਸਿਆਸੀ ਸਥਿਤੀ ਵਿਚ ਲੋਕ ਸਭਾ ਚੋਣ ਦੇ ਮੱਦੇਨਜਰ ਜੋ ਵੱਡੇ ਪੱਧਰ ਤੇ ਗੈਰ ਸਿਧਾਂਤਿਕ ਉੱਥਲ–ਪੁੱਥਲ ਹੋ ਰਹੀ ਹੈ, ਉਹ ਪੰਜਾਬ ਦੇ ਅਮੀਰ ਵਿਰਸੇ, ਵਿਰਾਸਤ ਨਾਲ ਬਿਲਕੁਲ ਮੇਲ ਨਹੀ ਖਾਂਦੀ । ਕਿਉਂਕਿ ਜਿਨ੍ਹਾਂ ਗੈਰ ਸਿਧਾਂਤਿਕ ਸ. ਸੁਖਦੇਵ ਸਿੰਘ ਢੀਂਡਸਾ ਵਰਗੇ ਆਗੂ ਨੇ ਆਪਣੇ ਨਿੱਜੀ, ਪਰਿਵਾਰਿਕ ਮੁਫਾਦਾਂ ਦੀ ਪੂਰਤੀ ਲਈ ਪਹਿਲੇ ਬਾਦਲ ਦਲ ਨੂੰ ਅਲਵਿਦਾ ਕਹਿਕੇ ਆਪਣਾ ਅਕਾਲੀ ਦਲ ਬਣਾ ਲਿਆ ਸੀ । ਜਦੋ ਉਸ ਅਕਾਲੀ ਦਲ ਦੀ ਫੂਕ ਨਿਕਲ ਗਈ ਅੱਜ ਫਿਰ ਪੰਜਾਬ ਤੇ ਪੰਥ ਵਿਰੋਧੀ ਸੋਚ ਦੇ ਇਹ ਮਾਲਕ ਆਪਣੇ ਆਪ ਨੂੰ ਬਾਦਲ ਦਲ ਵਿਚ ਫਿਰ ਸਾਮਿਲ ਕਰਕੇ ਪ੍ਰਚਾਰ ਕਰ ਰਹੇ ਹਨ ਕਿ ਪੰਥਕ ਏਕਤਾ ਬਹੁਤ ਜਰੂਰੀ ਸੀ ।


ਆਵਾਜ਼ਿ ਕੌਮ AWAZE QAUM International Newspaper & WEB TV






# ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


# ਪੰਜਾਬੀ

## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

Love Maa Boli Punjabi

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ |

ਲ਼

ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ
ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ
ੋ ਹੋੜਾ | ੌ ਕਨੌੜਾ | ੰ ਟਿੱਪੀ | ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write
PUNJABI



*ਸਾਬਤ ਸੂਰਤਿ ਦਸਤਾਰ ਸਿਰਾ*

## ਦਸਤਾਰਾਂ ਹੀ ਦਸਤਾਰਾਂ



# ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

☬ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446



# ASA Gas Heating Solution Ltd.

Boilers
Certificates
Gas Work
Cylinders
Maintenance Services

Gas Safety Inspections
Plumbing Work

Vaillant APPROVED INSTALLER | WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote


THE GURBANI SCHOOL
THE GURBANI SCHOOL
ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ
ਗੁਰਬਾਣੀ ਸਕੂਲ ਡਾਊਨਲੋਡ ਕਰੋ।
LEARN THE CORRECT PRONUNCIATION OF GURBANI IN THE CONVENIENCE OF YOUR OWN HOME
GET IT ON Google Play
Download on the App Store
12:47
THE GURBANI SCHOOL
Read Gurbani
Language & Preferences
About us
Feedback
Share app
INTERACTIVE LEARNING
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION
8
EIGHT PRAYERS AVAILABLE
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN
AUTO SCROLL GURBANI PLAYER
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION
ੳ A अ
MULTILINGUAL
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH


ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥
ਨਾਨਕਸ਼ਾਹੀ ਸੰਮਤ ਪਪਣ ਦੇ ਆਗਮਨ ਦੀ ਖੁਸ਼ੀ ਵਿੱਚ
ਸਿੱਖ ਨਵਾਂ ਸਾਲ
ਚੇਤ ਦੀ ਸੰਗਰਾਂਦ
ਸੰਤ ਬਾਬਾ ਮਨਵੀਰ ਸਿੰਘ ਜੀ
ਨਾਨਕਸਰ ਵਾਲੇ
ਭਾਈ ਸਿਮਰਜੀਤ ਸਿੰਘ ਜੀ ਪਰਵਾਨਾ
ਕਵੀਸ਼ਰੀ ਜਥਾ
ਬੁੱਧਵਾਰ 13 ਮਾਰਚ 2024
ਗੁਰਦੁਆਰਾ ਨਾਨਕਸਰ ਸਾਹਿਬ, ਪਿੰਡ ਮੱਤਾ (ਫਰੀਦਕੋਟ)
ਸਮਾਂ: ਰਾਤ 7 ਵਜੇ ਤੋਂ 11 ਵਜੇ
LIVE ON
ਭੁੱਲਰ TV
Facebook
YouTube
ਗਿਆਨੀ ਗੁਰਜੀਤ ਸਿੰਘ ਜੀ
ਪਟਿਆਲਾ
ਗਿਆਨੀ ਅਵਤਾਰ ਸਿੰਘ ਜੀ
ਸ੍ਰੀ ਅੰਮ੍ਰਿਤਸਰ ਸਾਹਿਬ
ਭਾਈ ਗੁਰਤੇਜ ਸਿੰਘ ਜੀ
ਬਠਿੰਡਾ
ਗਿਆਨੀ ਜਗਸੀਰ ਸਿੰਘ ਜੀ
ਗਿਆਨੀ ਸਤਨਾਮ ਸਿੰਘ ਜੀ
ਸਟੇਜ ਸੈਕਟਰੀ
ਗੁਰੂ ਕਾ ਲੰਗਰ
ਅਤੁੱਟ ਵਰਤੇਗਾ
ਆਪ ਜੀ ਨੇ ਪਰਿਵਾਰ ਸਮੇਤ ਹਾਜਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ।
ਗੁਰਮਤਿ ਸਮਾਗਮ ਵਿੱਚ ਹਾਜਰੀ ਭਰਨ ਵਾਲੇ ਅਤੇ ਪਿੰਡ ਦੇ ਸਾਰੇ ਕੇਸਾਧਾਰੀ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।
ਵੱਲੋਂ: ਸਮੂਹ ਸਾਧ ਸੰਗਤ ਪਿੰਡ ਮੱਤਾ (ਫਰੀਦਕੋਟ)
ਸੰਪਰਕ ਨੰ. ਗੁਰਪ੍ਰੀਤ ਸਿੰਘ- 91547 00084, ਜਸਬੀਰ ਸਿੰਘ-94176 10208


ਨਾਨਕਸ਼ਾਹੀ ਸੰਮਤ ਪਪਣ ਦੇ ਆਗਮਨ ਦੀ ਖੁਸ਼ੀ ਵਿੱਚ
ਸੁੰਦਰ ਦਸਤਾਰ ਮੁਕਾਬਲੇ
ਪਾਲ ਇੰਟਰਨੈਸ਼ਨਲ ਐਜੂਕੇਸ਼ਨਲ ਕਾਲਜ ਦੇ ਸਹਿਯੋਗ ਨਾਲ
ਮਿਤੀ 13 ਮਾਰਚ 2024 ਦਿਨ ਬੁੱਧਵਾਰ
ਗੁਰਦੁਆਰਾ ਨਾਨਕਸਰ ਸਾਹਿਬ, ਪਿੰਡ ਮੱਤਾ (ਫਰੀਦਕੋਟ)
ਸਮਾਂ: ਦੁਪਿਹਰ 12:00 ਵਜੇ
ਨੋਟ:
ਇਸ ਮੁਕਾਬਲੇ ਵਿੱਚ ਪ੍ਰੋਫੈਸ਼ਨਲ ਕੋਚ ਭਾਗ ਨਹੀਂ ਲੈ ਸਕਦਾ।
LIVE ON
ਭੁੱਲਰ TV
Facebook
YouTube
ਜੇਤੂ ਬੱਚਿਆ ਨੂੰ ਨਗਦ ਇਨਾਮ+ਦਸਤਾਰ+ਟਰਾਫੀ ਦਿੱਤੀ ਜਾਵੇਗੀ।
ਸ਼ਰਤਾਂ:-
01. ਪ੍ਰਤੀਯੋਗੀ ਆਪਣੀ ਦਸਤਾਰ, ਸ਼ੀਸ਼ਾ, ਬਾਜ਼, ਪੱਗ ਪਿੰਨ ਸਾਰਾ ਸਮਾਨ ਨਾਲ ਲੈ ਕੇ ਆਵੇਗਾ।
02. ਦਸਤਾਰ ਮੁਕਾਬਲੇ ਵਿੱਚ ਤਿੰਨ ਜੇਤੂ ਪੁਜੀਸ਼ਨਾਂ ਹੋਣਗੀਆਂ।
03. ਇਸ ਮੁਕਾਬਲੇ ਵਿੱਚ ਹਰੇਕ ਉਮਰ ਦਾ ਵਿਅਕਤੀ ਭਾਗ ਲੈ ਸਕਦਾ ਹੈ।
04. ਸੰਖੇਪ ਇਤਿਹਾਸ ਬਾਰੇ ਜਾਣਕਾਰੀ ਹੋਣਾ ਲਾਜ਼ਮੀ ਹੈ।
05. ਜੱਜ ਦਾ ਫੈਸਲਾ ਅਟੱਲ ਹੋਵੇਗਾ।
ਸੰਪਰਕ - ਅਵਤਾਰ ਸਿੰਘ 94640-10033, ਗੁਰਸੇਵਕ ਸਿੰਘ 95921-32999, ਹਰਿੰਦਰ ਸਿੰਘ (ਦਸਤਾਰ ਕੋਚ) 98884-02583, ਜਗਸੀਰ ਸਿੰਘ 94171-01193
PAUL INTERNATIONAL EDUCATIONAL COLLEGE
Nanny, Personal Support Worker, PR, Visitor Visa, Work Visa | Contact : +91 81469-62394

# ਇੱਕ ਨਜ਼ਰ



## ਮਾਮਲਾ ਕਿਸਾਨ ਦੀ ਜ਼ਮੀਨ ਦੀ ਕੁਰਕੀ ਦਾ
## ਭਾਕਿਯੂ ਉਗਰਾਹਾਂ ਨੇ ਤਹਿਸੀਲ ਕੰਪਲੈਕਸ 'ਚ ਲਾਇਆ ਧਰਨਾ

ਤਲਵੰਡੀ ਸਾਬੋ, 11 ਮਾਰਚ (ਗੁਰਜੰਟ ਸਿੰਘ ਨਥੇਹਾ)- ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਵੱਲੋਂ ਬਲਾਕ ਜਰਨਲ ਸਕੱਤਰ ਕਾਲਾ ਸਿੰਘ ਚੱਠੇਵਾਲਾ ਦੀ ਅਗਵਾਈ ਹੇਠ ਤਹਿਸੀਲ ਕੰਪਲੈਕਸ ਤਲਵੰਡੀ ਸਾਬੋ ਦੇ ਸਾਹਮਣੇ ਧਰਨਾ ਲਗਾ ਕੇ ਚੱਠੇਵਾਲਾ ਦੇ ਕਿਸਾਨ ਮਾਸਾ ਸਿੰਘ ਪੁੱਤਰ ਬੁਲਾਢਾ ਸਿੰਘ ਦੀ ਜਮੀਨ ਦੀ ਕੁਰਕੀ ਰੁਕਵਾਈ ਜੋ ਬਠਿੰਡਾ ਦੇ ਆੜਤੀਏ ਗੁਰਭਗਵਾਨ ਸਿੰਘ ਵੱਲੋਂ ਲਗਾਤਾਰ ਲਿਆਂਦੀ ਜਾ ਰਹੀ ਹੈ। ਇਸ ਸਮੇ ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਆੜਤੀਆ ਵੱਲੋਂ ਲਗਾਤਾਰ ਕਿਸਾਨਾਂ ਦੀਆਂ ਕੁਰਕੀਆ ਲੈਕੇ ਆ ਰਹੇ ਹਨ ਪਰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾ ਵੱਲੋਂ ਲਗਾਤਾਰ ਵਿਰੋਧ ਦੇ ਬਾਵਜੂਦ ਵਾਪਸ ਮੋੜੀ ਜਾਂਦੀ ਰਹੀ ਹੈ, ਕਾਂਗਰਸ, ਅਕਾਲੀ ਦਲ ਤੇ ਹੁਣ ਆਮ ਆਦਮੀ ਪਾਰਟੀ ਲਗਾਤਾਰ ਲੋਟੂ ਟੋਲਿਆਂ ਦੀ ਮਦਦ ਕਰ ਰਹੀਆਂ ਹਨ ਪਰ ਗਰੀਬ ਕਿਸਾਨ ਮਜਦੂਰਾਂ ਦੇ ਵਿਰੁੱਧ ਭੁਗਤਦੀਆਂ ਆ ਰਹੀਆਂ ਹਨ ਪਰ ਜਥੇਬੰਦੀ ਕਿਸੇ ਵੀ ਹਾਲਤ ਵਿੱਚ ਜਮੀਨ ਦੀ ਕੁਰਕੀ ਨਹੀ ਹੋਣਾ ਦੇਵੇਗੀ। ਇਸ ਸਮੇਂ ਲੱਖਾ ਜੋਗੇਵਾਲਾ, ਰਣਜੋਧ ਸਿੰਘ ਮਾਹੀਨੰਗਲ, ਬੱਗਾ ਲਾਲੇਆਣਾ, ਜਸਵੀਰ ਸਿੰਘ ਤਲਵੰਡੀ ਸਾਬੋ ਵੀ ਹਾਜਰ ਸਨ।

## ਔਰਤ ਕੋਮਲ ਹੈ ਪਰ ਕਮਜ਼ੋਰ ਨਹੀਂ, ਔਰਤਾਂ ਦਾ ਸਿੱਖਿਅਤ ਹੋਣਾ ਬਹੁਤ ਜ਼ਰੂਰ: ਡਿੰਪੀ ਚੌਹਾਨ

ਚੌਕ ਮਹਿਤਾ, 11 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)- ਰਾਸ਼ਟਰੀ ਹਿੰਦੂ ਚੇਤਨਾ ਮੰਚ ਵੱਲੋਂ ਗੋਕਲ ਵਿਹਾਰ ਬਟਾਲਾ ਰੋਡ ਵਿਖੇ ਮਹਿਲਾ ਦਿਵਸ ਮੌਕੇ 'ਔਰਤ ਕੋਮਲ ਹੈ ਪਰ ਕਮਜ਼ੋਰ ਨਹੀਂ' ਵਿਸ਼ੇ 'ਤੇ ਵਿਚਾਰ ਗੋਸ਼ਟੀ ਕਰਵਾਈ ਗਈ। ਜਿਸ ਵਿੱਚ ਮੰਚ ਦੇ ਕੌਮੀ ਪ੍ਰਧਾਨ ਅਸ਼ੋਕ ਡਿੰਪੀ ਚੌਹਾਨ ਨੇਤਾ ਆਮ ਆਦਮੀ ਪਾਰਟੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸੈਮੀਨਾਰ ਵਿੱਚ ਹਾਜ਼ਰ ਨਾਰੀ ਸ਼ਕਤੀ ਨੂੰ ਸੰਬੋਧਨ ਕਰਦਿਆਂ ਡਿੰਪੀ ਚੌਹਾਨ ਨੇ ਕਿਹਾ ਕਿ ਔਰਤ ਸੰਸਕਾਰਾਂ ਅਤੇ ਸੰਸਕ੍ਰਿਤ ਦੀ ਜਨਨੀ ਹੈ! ਅੱਜ ਵੀ ਦਾਜ ਦਾ ਸੱਪ ਸਾਡੀਆਂ ਧੀਆਂ ਨੂੰ ਡੰਗ ਮਾਰ ਰਿਹਾ ਹੈ! ਕੁਝ ਲੋਕ ਅੱਜ ਵੀ ਪੁੱਤਰਾਂ ਦੀ ਲਾਲਸਾ ਵਿੱਚ ਕੰਨਿਆ ਭਰੂਣ ਹੱਤਿਆ ਕਰ ਰਹੇ ਹਨ, ਜੋ ਸਮਾਜ 'ਤੇ ਇੱਕ ਬਹੁਤ ਵੱਡਾ ਕਲੰਕ ਹੈ! ਉਨ੍ਹਾਂ ਕਿਹਾ ਕਿ ਔਰਤ ਪ੍ਰਮਾਤਮਾ ਦਾ ਅਨਮੋਲ ਤੋਹਫ਼ਾ ਹੈ! ਇਹ ਕੌਮ ਦੀ ਤਕਦੀਰ ਅਤੇ ਤਸਵੀਰ ਬਦਲ ਸਕਦੀ ਹੈ! ਡਿੰਪੀ ਚੌਹਾਨ ਨੇ ਕਿਹਾ ਕਿ ਔਰਤਾਂ ਦਾ ਸਿੱਖਿਅਤ ਅਤੇ ਸਾਖਸ਼ਰ ਹੋਣਾ ਬਹੁਤ ਜ਼ਰੂਰੀ ਹੈ ਆਰੀਆ ਸਮਾਜ ਦੇ ਸੰਸਥਾਪਕ ਮਹਾਰਿਸ਼ੀ ਸਵਾਮੀ ਦਯਾਨੰਦ ਸਰਸਵਤੀ ਨੇ ਸਭ ਤੋਂ ਪਹਿਲਾਂ ਔਰਤਾਂ ਨੂੰ ਸਾਖਸ਼ਰ ਬਣਾਉਣ ਦਾ ਬੀੜਾ ਚੁੱਕਿਆ ਸੀ।



## ਪਿੰਡ ਬੁੱਟਰ ਸਿਵੀਆ ਦੇ 40 ਪਰਿਵਾਰ ਆਮ ਆਦਮੀ ਪਾਰਟੀ ਵਿੱਚ ਹੋਏ ਸ਼ਾਮਲ



ਚੌਕ ਮਹਿਤਾ, 11 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)-ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀਆਂ ਲੋਕ ਭਲਾਈ ਨੀਤੀਆਂ ਤੋਂ ਖੁਸ਼ ਹੋ ਕੇ ਵੱਡੇ ਪੱਧਰ ਤੇ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਦਿਨੋ ਦਿਨੀ ਆਮ ਆਦਮੀ ਪਾਰਟੀ ਦਾ ਕੁਨਬਾ ਲਗਾਤਾਰ ਵੱਧ ਰਿਹਾ ਹੈ। ਇਸ ਲੜੀ ਤਹਿਤ ਪਿੰਡ ਬੁੱਟਰ ਸਿਵੀਆ ਦੇ ਬਾਜ਼ੀਗਰ ਬਰਾਦਰੀ ਦੇ 40 ਪਰਿਵਾਰ ਪ੍ਰਧਾਨ ਸੁਖਦੇਵ ਸਿੰਘ ਬੁੱਟਰ, ਪ੍ਰਗਟ ਸਿੰਘ ਬੱਲ ਤੇ ਬੂਟਾ ਸਿੰਘ ਜਲਾਲ ਦੀ ਮਿਹਨਤ ਸਦਕਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਪਾਰਟੀ ਚੋਂ ਸ਼ਾਮਲ ਕਰਦਿਆਂ ਕਿਹਾ ਕਿ ਇਨਾਂ ਦੇ ਸ਼ਾਮਲ ਹੋਣ ਨਾਲ ਆਮ ਆਦਮੀ ਪਾਰਟੀ ਨੂੰ ਭਾਰੀ ਬਲ ਮਿੱਲਿਆ ਹੈ। ਉਨਾਂ ਕਿਹਾ ਕਿ ਆਉਂਦੀਆਂ ਲੋਕਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਸੂਬੇ ਦੀਆਂ 13 ਸੀਟਾਂ ਤੇ ਬੇਮਿਸਾਲ ਜਿੱਤ ਹਾਸਿਲ ਕਰੇਗੀ। ਕੈਬਨਿਟ ਮੰਤਰੀ ਈ.ਟੀ.ਓ ਨੇ ਸਮੂਹ ਪੰਚਾਇਤ ਨੂੰ ਕਿਹਾ ਕਿ ਉਹ ਆਉਂਦੀਆਂ ਲੋਕਸਭਾ ਚੋਣਾਂ ਲਈ ਤਿਆਰ ਰਹਿਣ ਅਤੇ ਪਾਰਟੀ ਨੂੰ ਭਾਰੀ ਬਹੁਤਮਤ ਨਾਲ ਜਿਤਾਉਣ। ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰਜੀਤ ਸਿੰਘ, ਗੁਰਮੀਤ ਸਿੰਘ, ਰਾਜਬੀਰ ਸਿੰਘ, ਗੁਰਚਰਨ ਸਿੰਘ, ਸੁਰਜੀਤ ਸਿੰਘ ਮੱਖਣ ਸਿੰਘ,ਗੁਰਦੇਵ ਸਿੰਘ, ਸਾਹਿਬ ਸਿੰਘ,ਰਤਨ ਰਾਮ,ਰਿੰਕੂ,ਸੁਖਵਿੰਦਰ ਸਿੰਘ, ਬਲਜੀਤ ਸਿੰਘ, ਕੁਲਦੀਪ ਸਿੰਘ ਤੇ ਹੋਰ ਪਰਿਵਾਰ ਸ਼ਾਮਲ ਹੋਏ ।ਇਸ ਮੌਕੇ ਚੇਅਰਮੈਨ ਗੁਰਵਿੰਦਰ ਸਿੰਘ ਖੱਬੇਰਾਜਪੂਤਾਂ, ਬਲਾਕ ਪ੍ਰਧਾਨ ਅਜੈ ਗਾਂਧੀ, ਪ੍ਰਧਾਨ ਅਮਰਜੀਤ ਸਿੰਘ, ਬਲਜੀਤ ਸਿੰਘ ਫੌਜੀ, ਬਾਬਾ ਦਲਜੀਤ ਸਿੰਘ, ਮਾਂ ਦਿਲਬਾਗ ਸਿੰਘ, ਕੁਲਵੰਤ ਸਿੰਘ,ਕਾਬਲ ਸਿੰਘ, ਸਰਪੰਚ ਧਰਮਿੰਦਰ ਸਿੰਘ, ਲਖਵਿੰਦਰ ਸਿੰਘ ਉਸਮਾ, ਤਰਸੇਮ ਸਿੰਘ, ਮਾਂ ਸਿਵ ਸਿੰਘ, ਦਲਜੀਤ ਸਿੰਘ ਮੈਂਬਰ ਤੇ ਹੋਰ ਵੀ ਬਹੁਤ ਪਾਰਟੀ ਵਰਕਰ ਹਾਜ਼ਰ ਸਨ।

## ਵਿਸ਼ਵ ਗਲਕੋਮਾਂ ਹਫਤੇ ਦੀ ਕੀਤੀ ਸ਼ੁਰੂਆਤ

ਚੌਂਕ ਮਹਿਤਾ, 11 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)-ਸਿਵਲ ਸਰਜਨ ਡਾ ਵਿਜੇ ਕੁਮਾਰ ਵਲੋਂ ਵਿਸ਼ਵ ਗਲਕੋਮਾਂ ਹਫਤੇ ਦੀ ਸ਼ੁਰੂਆਤ ਦਫਤਰ ਸਿਵਲ ਸਰਜਨ ਵਿਖੇ ਤੋਂ ਜਾਗਰੂਕਤਾ ਬੈਨਰ ਰਲੀਜ ਕਰਕੇ ਕੀਤੀ ਗਈ। ਇਸ ਮੌਕੇ ਤੇ ਡਾ ਵਿਜੇ ਕੁਮਾਰ ਨੇ ਦੱਸਿਆ ਕਿ ਕਾਲਾ ਮੋਤੀਆ ਦੇਸ਼ ਭਰ ਵਿਚ ਸਥਾਈ ਨੇਤਰਹੀਣਤਾਂ ਦੇ ਮੁੱਖ ਕਾਰਣਾਂ ਵਿਚੋਂ ਸੱਭ ਤੋਂ ਅਹਿਮ ਕਾਰਣ ਹੈ। ਜੇਕਰ ਇਸਦਾ ਸਮੇਂ ਸਿਰ ਪਤਾ ਚਲ ਜਾਵੇ ਤਾਂ ਇਸਦਾ ਇਲਾਜ ਸਫਲ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਇਸੇ ਲਈ ਪੂਰੇ ਵਿਸਵ ਭਰ ਵਿਚ ਮਿਤੀ 10 ਮਾਰਚ ਤੋਂ ਲੈਕੇ 16 ਮਾਰਚ ਤੱਕ ਇਹ ਹਫਤਾ ਮਨਾਇਆ ਜਾਂਦਾ ਹੈ ਤਾਂ ਜੋ ਇਸਦੇ ਕੇਸਾਂ ਦੀ ਜਲਦ ਪਹਿਚਾਣ ਕਰਕੇ ਸੰਭਵ ਇਲਾਜ ਕੀਤਾ ਜਾ ਸਕੇ। ਇਸ ਹਫਤੇ ਦੌਰਾਣ ਜਿਲ੍ਹੇ ਭਰ ਵਿੱਚ ਲੋਕਾਂ ਨੂੰ ਕਾਲੇ ਮੋਤੀਏ ਪ੍ਰਤੀ ਜਾਗਰੂਕ ਕੀਤਾ ਜਾਵੇਗਾ ਅਤੇ ਵਿਸ਼ੇਸ਼ ਕੈਂਪ ਲਗਾ ਕੇ ਮਰੀਜਾਂ ਦਾ ਚੈਕ-ਅੱਪ ਕੀਤਾ ਜਾਵੇਗਾ। ਇਸ ਅਵਸਰ ਤੇ ਸਹਾਇਕ ਸਿਵਲ ਸਰਜਨ ਡਾ ਰਜਿੰਦਰ ਪਾਲ ਕੌਰ ਨੇ ਕਿਹਾ ਕਿ ਗਲਕੋਮਾਂ ਦੇ ਆਮ ਲੱਛਣ ਅਸਾਧਰਣ ਸਿਰ ਦਰਦ ਜਾਂ ਅੱਖਾਂ ਵਿਚ ਦਰਦ ਰਹਿਣਾਂ, ਪੜ੍ਹਣ ਵਾਲੇ ਚਸ਼ਿਮਆਂ ਦਾ ਵਾਰ-ਵਾਰ ਨੰਬਰ ਬਲਣ ਜਾਣਾਂ, ਪ੍ਰਕਾਸ਼ ਦੇ ਆਲੇ ਦੁਆਲੇ ਰੰਗਦਾਰ ਚੱਕਰ ਦਿਖਾਈ ਦੇਣੇ, ਅੱਖਾਂ ਵਿਚ ਦਰਦ ਤੇ ਲਾਲੀ ਨਾਲ ਦ੍ਰਿਸ਼ਟੀ ਘੱਟ ਹੋ ਜਾਣਾਂ ਅਤੇ ਦ੍ਰਿਸ਼ਟੀ ਦਾ ਘੇਰਾ ਸੀਮਿਤ ਹੋ ਜਾਣਾਂ ਆਦੀ ਹੈ।

### ਹਠੂਰ ਦਾ 16ਵਾਂ ਸ਼ਾਨਦਾਰ ਪੇਂਡੂ ਖੇਡ ਮੇਲਾ

# ਦਿਲਾਂ 'ਚ ਮਿੱਠੀਆਂ ਯਾਦਾਂ ਛੱਡਦਾ ਸਮਾਪਤ ਹੋਇਆ

**ਜੇਤੂ ਟੀਮਾਂ ਨੂੰ ਅਜ਼ਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਨੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਕੀਤਾ ਸਨਮਾਨਿਤ • ਪ੍ਰਧਾਨ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮੂਹ ਗ੍ਰਾਮ ਪੰਚਾਇਤ ਨਗਰ ਨਿਵਾਸੀਆਂ....**









ਹਠੂਰ, ਜਗਰਾਉਂ, 11 ਮਾਰਚ (ਵਰਿਆਮ ਹਠੂਰ)- ਇਤਿਹਾਸਕ ਕਸਬਾ ਹਠੂਰ ਵਿਖੇ ਅਜ਼ਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਗ੍ਰਾਮ ਪੰਚਾਇਤ, ਸਮੂਹ ਨਗਰ ਨਿਵਾਸੀਆਂ, ਅਤੇ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਸਦਕਾ ਤਿੰਨ ਰੋਜ਼ਾ 16ਵਾਂ ਸ਼ਾਨਦਾਰ ਪੇਂਡੂ ਖੇਡ ਮੇਲਾ ਕਰਵਾਇਆ ਗਿਆ ਜਿਸ ਵਿੱਚ ਵੱਖ ਵੱਖ ਥਾਵਾਂ ਤੋਂ ਪੁੱਜੀਆਂ ਟੀਮਾਂ ਨੇ ਭਾਗ ਲਿਆ, ਅਤੇ ਖੇਡ ਪ੍ਰੇਮੀਆਂ ਨੇ ਪੇਂਡੂ ਖੇਡ ਮੇਲੇ ਵਿੱਚ ਸ਼ਮੂਲੀਅਤ ਕੀਤੀ, ਖੇਡ ਮੇਲੇ ਦਾ ਉਦਘਾਟਨ ਕਾਂਗਰਸ ਦੇ ਸੀਨੀਅਰ ਆਗੂ ਸਤਿੰਦਰ ਪਾਲ ਸਿੰਘ ਕਾਕਾ ਗਰੇਵਾਲ (ਜਗਰਾਉਂ) ਨੇ ਰਿਬਨ ਕੱਟ ਕੇ ਕੀਤਾ, ਖੇਡ ਮੇਲੇ ਵਿੱਚ ਹਾਕੀ, ਫੁੱਟਬਾਲ, ਬਾਲੀਵਾਲ, ਅਤੇ ਤਾਸ਼ ਸੀਪ ਦੇ ਮੁਕਾਬਲੇ ਕਰਵਾਏ ਗਏ, ਪੁੱਜੀਆਂ ਟੀਮਾਂ ਨੇ ਸ਼ਾਨਦਾਰ ਖੇਡ ਪ੍ਰਦਰਸ਼ਨ ਕੀਤਾ, ਹਾਕੀ ਵਿੱਚ ਪਿੰਡ ਮੀਨੀਆਂ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ, ਅਤੇ ਦੂਜੇ ਸਥਾਨ ਤੇ ਪਿੰਡ ਰੂਮੀ ਦੀ ਟੀਮ ਰਹੀ, ਤੀਜੇ ਸਥਾਨ ਤੇ ਪਿੰਡ ਢੋਲਣ ਦੀ ਟੀਮ ਅਤੇ ਚੌਥੇ ਸਥਾਨ ਤੇ ਮੋਗਾ ਦੀ ਟੀਮ ਰਹੀ, ਇਸੇ ਤਰ੍ਹਾਂ ਫੁੱਟਬਾਲ ਵਿੱਚ ਪਿੰਡ ਕਾਲੇਕੇ ਦੀ ਟੀਮ ਨੇ ਪਹਿਲੇ ਸਥਾਨ ਤੇ ਕਬਜ਼ਾ ਕੀਤਾ, ਅਤੇ ਦੂਜੇ ਨੰਬਰ ਤੇ ਪਿੰਡ ਦੌਧਰ ਦੀ ਟੀਮ ਰਹੀ, ਤੀਜੇ ਨੰਬਰ ਤੇ ਪਿੰਡ ਠੀਕਰੀਵਾਲ ਦੀ ਟੀਮ ਅਤੇ ਚੋਥੇ ਨੰਬਰ ਤੇ ਪਿੰਡ ਭੰਮੀਪੁਰਾ ਦੀ ਟੀਮ ਰਹੀ, ਬਾਲੀਵਾਲ ਵਿੱਚ ਪਹਿਲੇ ਨੰਬਰ ਤੇ ਪਿੰਡ ਖੰਜਰਵਾਲ ਦੀ ਟੀਮ ਰਹੀ ਅਤੇ ਦੂਜੇ ਨੰਬਰ ਤੇ ਪਿੰਡ ਸਰਾਵਾਂ ਦੀ ਟੀਮ ਤੀਜੇ ਨੰਬਰ ਤੇ ਪਿੰਡ ਕਾਉਂਕੇ, ਅਤੇ ਚੌਥੇ ਨੰਬਰ ਤੇ ਪਿੰਡ ਆਦਮਪੁਰਾ ਦੀ ਟੀਮ ਰਹੀ, ਇਸੇ ਤਰ੍ਹਾਂ ਤਾਸ਼ ਸੀਪ ਵਿੱਚ ਪਹਿਲੇ ਨੰਬਰ ਤੇ ਪਿੰਡ ਮਾਣੂੰਕੇ, ਦੂਜੇ ਨੰਬਰ ਤੇ ਪਿੰਡ ਛੀਨੀਵਾਲ ਕਲਾਂ, ਦੀ ਟੀਮ ਰਹੀ, ਜੇਤੂ ਟੀਮਾਂ ਨੂੰ ਅਜ਼ਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਦਿਲ ਖਿੱਚਵੇਂ ਨਗਦ ਇਨਾਮ ਅਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ, ਅਜ਼ਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਹਾਕੀ ਦੇ ਨਵੇਂ ਉੱਭਰ ਰਹੇ ਛੋਟੇ ਛੋਟੇ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਤੇ ਹੌਸਲਾ ਦਿੱਤਾ, ਹਾਕੀ ਵਿੱਚ ਪਿੰਡ ਮੀਨੀਆਂ ਦੀ ਟੀਮ ਦੇ ਬੈਸਟ ਖਿਡਾਰੀ ਨੂੰ ਅਤੇ ਫੁੱਟਵਾਲ ਵਿੱਚ ਪਿੰਡ ਕਾਲੇਕੇ ਦੀ ਟੀਮ ਦੇ ਬੈਸਟ ਖਿਡਾਰੀ ਨੂੰ ਸਵ: ਸਰੈਣ ਸਿੰਘ ਦੇ ਪਰਿਵਾਰ ਵੱਲੋਂ ਵਾਸ਼ਿੰਗ ਮਸ਼ੀਨਾਂ ਇਨਾਮ ਵਜੋਂ ਦਿੱਤੀਆਂ ਗਈਆਂ, ਪੇਂਡੂ ਖੇਡ ਮੇਲੇ ਤੇ ਹਾਕੀ ਖਿਡਾਰੀ ਬੀਤਾ ਛੱਜਾਵਾਲ ਨੂੰ ਵੀ ਹੀਰੋ ਮੋਟਰਸਾਈਕਲ ਨਾਲ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ, ਅਜ਼ਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਦੇ ਪ੍ਰਧਾਨ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਨੇ ਜੇਤੂ ਟੀਮਾਂ ਨੂੰ ਮੁਬਾਰਕਾਂ ਦਿੱਤੀਆਂ ਤੇ ਸਹਿਯੋਗ ਕਰਨ ਵਾਲੀਆਂ ਸਮੂਹ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ, ਗੱਲਬਾਤ ਕਰਦਿਆਂ ਪ੍ਰਧਾਨ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮੂਹ ਗ੍ਰਾਮ ਪੰਚਾਇਤ ਨਗਰ ਨਿਵਾਸੀਆਂ ਅਤੇ ਐੱਨ ਆਰ ਵੀਰਾਂ ਨੇ ਅਜ਼ਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਨੂੰ ਖੇਡ ਮੇਲਾ ਕਰਵਾਉਣ ਲਈ ਹੌਸਲਾ ਅਤੇ ਸਹਿਯੋਗ ਦਿੱਤਾ, ਅਸੀਂ ਕਲੱਬ ਵੱਲੋਂ ਨਗਰ ਨਿਵਾਸੀਆਂ ਅਤੇ ਸਮੂਹ ਐੱਨ ਆਰ ਵੀਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ, ਉਨ੍ਹਾਂ ਅੱਗੇ ਕਿਹਾ ਕਿ ਸਾਡਾ ਖੇਡ ਮੇਲਾ ਕਰਵਾਉਣਾ ਦਾ ਮਕਸਦ ਹੈ ਕਿ ਸਮਾਰਟ ਮੋਬਾਈਲ ਫੋਨਾਂ ਦੇ ਚੱਕਰਵਿਊ ਵਿੱਚ ਫਸਕੇ ਗਰਾਊਂਡਾਂ ਨਾਲੋਂ ਮੋਹ ਖਤਮ ਕਰਦੀ ਜਾ ਰਹੀ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਿਆ ਜਾਵੇ, ਖੇਡਾਂ ਖੇਡਣ ਨਾਲ ਜਿੱਥੇ ਖਿਡਾਰੀਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਵਿੱਚ ਵਾਧਾ ਹੁੰਦਾ ਹੈ। ਉੱਥੇ ਖਿਡਾਰੀ ਪੁਜੀਸ਼ਨਾਂ ਹਾਸਲ ਕਰਕੇ ਅਤੇ ਤਰੱਕੀਆਂ ਕਰਕੇ ਆਪਣਾ ਅਤੇ ਆਪਣੇ ਮਾਪਿਆਂ ਦੇ ਨਾਲ ਨਾਲ ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰਦੇ ਹਨ। ਅੰਤ ਵਿੱਚ ਉਨ੍ਹਾਂ ਵਿਸ਼ੇਸ਼ ਤੌਰ ਤੇ ਯਾਦਵਿੰਦਰ ਸਿੰਘ ਯਾਦਾ ਕੈਨੇਡਾ, ਨਵਦੀਪ ਸਿੰਘ ਕੈਨੇਡਾ, ਸੋਨੀ ਆਲਮਗੀਰ, ਬੂਟਾ ਹਠੂਰ ਕੈਨੇਡਾ, ਗਗਨ ਕੈਨੇਡਾ, ਸੁਖਦੀਪ ਕੈਨੇਡਾ, ਪਾਲੀ ਕੈਨੇਡਾ, ਸਤਨਾਮ ਸਿੰਘ ਯੂ ਐੱਸ ਏ, ਦੁੱਲਾ ਯੂ ਐੱਸ ਏ, ਤਲਵਿੰਦਰ ਸਿੰਘ ਕੈਨੇਡਾ, ਗੀਤਾ ਕੈਨੇਡਾ, ਸੁਖਚੈਨ ਸਿੰਘ ਚੈਨਾ ਕੈਨੇਡਾ, ਅਮਰਜੀਤ ਸਿੰਘ ਬੈਲਜੀਅਮ, ਦੁਰਲੱਭ ਸਿੰਘ ਕੈਨੇਡਾ, ਪੰਮਾ ਇੰਗਲੈਂਡ, ਸ਼ਿਵ ਕੁਮਾਰ ਅਸਟ੍ਰੇਲੀਆ, ਸੁੱਖਾ ਨਿਊਜ਼ੀਲੈਂਡ, ਤੂਰ ਪਰਿਵਾਰ, ਸ: ਅਵਤਾਰ ਸਿੰਘ ਹਠੂਰ ਹਨੀ ਯੂ ਐੱਸ ਏ, ਸਨੀ ਆਸਟ੍ਰੇਲੀਆ, ਬਿੰਦਰ ਕੈਨੇਡਾ, ਨਵਤੇਜ ਕੈਨੇਡਾ, ਕੁਲਦੀਪ ਗਰੇਵਾਲ ਕੈਨੇਡਾ, ਹਾਕੀ ਕੋਚ ਰੇਸ਼ਮ ਸਿੰਘ ਪਾਲ ਹਠੂਰ, ਖਾਨ ਨੱਥੋਵਾਲ, ਸਮੇਤ ਰੀਅਲ ਮਿਕਸ ਨਿਊਜ਼ ਦੀ ਟੀਮ ਅਤੇ ਹੋਰ ਸਹਿਯੋਗ ਕਰਨ ਵਾਲੀਆਂ ਸਾਰੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਇਸ ਮੌਕੇ ਅਨੇਕਾਂ ਖਿਡਾਰੀ ਅਤੇ ਖੇਡ ਦਰਸ਼ਕ ਹਾਜ਼ਰ ਸਨ।

### ਗੁਰੂ ਕਾਸ਼ੀ ਯੂਨੀਵਰਸਿਟੀ ਦੇ ਸੰਮੇਲਨ ਭਵਨ ਵਿਖੇ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਸਮਾਰੋਹ ਵਿੱਚ

# ਸਮਕਾਲੀ ਸਮੱਸਿਆਵਾਂ ਦੇ ਤਕਨੀਕੀ ਅਤੇ ਨੀਤੀਗਤ ਸਮਾਧਾਨਾਂ ਬਾਰੇ ਕਿਤਾਬ ਲਾਂਚ

**ਖੇਤੀਬਾੜੀ ਵਿਭਾਗ ਪੰਜਾਬ ਦੇ ਸਾਬਕਾ ਸੰਯੁਕਤ ਨਿਰਦੇਸ਼ਕ (ਇਨਪੁਟਸ) ਡਾ. ਬਲਦੇਵ ਸਿੰਘ ਨੇ ਪੁਸਤਕ ਦੇ ਤਕਨਾਲੋਜੀ ਅਤੇ ਨੀਤੀ ਯੋਜਨਾ ਬਾਰੇ ਵਿਲੱਖਣ ਦ੍ਰਿਸ਼ਟੀਕੋਣਾਂ ਤੇ ਚਾਨਣਾ ਪਾਇਆ। ਉਨ੍ਹਾਂ ਲੇਖਕ ਵੱਲੋਂ ਪਲਾਂਟ ਕਲੀਨਿਕਾਂ ਅਤੇ ਫਸਲਾਂ ਦੇ ਡਾਕਟਰਾਂ ਵਰਗੇ ਨਵੀਨਤਾਕਾਰੀ ਸੰਕਲਪਾਂ....**




ਤਲਵੰਡੀ ਸਾਬੋ, 11 ਮਾਰਚ (ਗੁਰਜੰਟ ਸਿੰਘ ਨਥੇਹਾ)- ਗੁਰੂ ਕਾਸ਼ੀ ਯੂਨੀਵਰਸਿਟੀ ਦੇ ਸੰਮੇਲਨ ਭਵਨ ਵਿਖੇ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਸਮਾਰੋਹ ਵਿੱਚ ਖੇਤੀ ਮਾਹਿਰ ਅਤੇ ਜੀ.ਕੇ.ਯੂ ਤਲਵੰਡੀ ਸਾਬੋ ਦੇ ਪਰੋ. ਵਾਈਸ ਚਾਂਸਲਰ ਕਮ ਰਜਿਸਟਰਾਰ ਡਾ. ਜਗਤਾਰ ਸਿੰਘ ਧੀਮਾਨ ਦੁਆਰਾ ਲਿਖੀ ਨਵੀਂ ਕਿਤਾਬ "ਸਮਕਾਲੀ ਖੇਤੀ ਦੀਆਂ ਚਿੰਤਾਵਾਂ ਅਤੇ ਰੁਕਾਵਟਾਂ: ਤਕਨਾਲੋਜੀ ਅਤੇ ਨੀਤੀ ਯੁਕਤ ਹੱਲ" ਨੂੰ ਲਾਂਚ ਕੀਤਾ ਗਿਆ। ਇਸ ਮੌਕੇ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਨੇ ਲੇਖਕ ਡਾ. ਧੀਮਾਨ ਦੀ ਵਿਲੱਖਣ, ਲੇਖਣ ਯੋਗਤਾ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਲੇਖਕ ਦਾ ਲੰਬੇ ਸਮੇਂ ਤੱਕ ਦਾ ਤਜਰਬਾ ਖੇਤੀਬਾੜੀ ਦੇ ਵਿਕਾਸ ਲਈ ਮਾਰਗ ਦਰਸ਼ਕ ਵਜੋਂ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਪੁਸਤਕ ਵਿੱਚ ਦਰਜ ਅਨਮੋਲ ਜਾਣਕਾਰੀ ਖੇਤੀਬਾੜੀ ਅਤੇ ਕਿਸਾਨਾਂ ਦੀ ਭਲਾਈ ਨਾਲ ਜੁੜੇ ਸਾਰੇ ਹਿੱਸੇਦਾਰਾਂ ਲਈ ਸਹਾਇਕ ਸਿੱਧ ਹੋਵੇਗੀ। ਇਸ ਤੋਂ ਇਲਾਵਾ ਉਨ੍ਹਾਂ ਇਸ਼ਾਰਾ ਕੀਤਾ ਕਿ ਨੀਤੀ ਘਾੜਕ ਪ੍ਰਭਾਵੀ ਨੀਤੀਆਂ ਬਣਾਉਣ ਲਈ ਕਿਤਾਬ ਵਿੱਚ ਦਿੱਤੇ ਵਿਹਾਰਕ ਸੁਝਾਵਾਂ ਦਾ ਲਾਭ ਲੈ ਸਕਣਗੇ। ਜੀ.ਕੇ.ਯੂ ਦੇ ਵਾਈਸ ਚਾਂਸਲਰ (ਪ੍ਰੋ.) ਡਾ. ਐਸ.ਕੇ. ਬਾਵਾ ਨੇ ਪੁਸਤਕ ਦੀ ਸਮੱਗਰੀ ਅਤੇ ਸ਼ੈਲੀ ਦੀ ਤਾਰੀਫ਼ ਕਰਦਿਆਂ ਇਸ ਦਾ ਸਵਾਗਤ ਕੀਤਾ। ਉਨਾਂ ਆਸ ਪ੍ਰਗਟਾਈ ਕਿ ਪੁਸਤਕ ਆਪਣੀ ਵਿਆਪਕ ਪਹੁੰਚ ਨਾਲ ਕਿਸਾਨਾਂ, ਖੋਜਕਾਰਾਂ, ਨੀਤੀ ਆਯੋਜਕਾਂ ਅਤੇ ਵਿਦਿਆਰਥੀਆਂ ਲਈ ਇੱਕ ਲਾਜ਼ਮੀ ਸਰੋਤ ਬਣ ਜਾਵੇਗੀ ।ਲੇਖਕ ਡਾ. ਜਗਤਾਰ ਸਿੰਘ ਧੀਮਾਨ ਨੇ ਪੁਸਤਕ ਦੇ ਵਿਸ਼ਾ-ਵਸਤੂ ਅਤੇ ਖੇਤੀ ਨੂੰ ਮੁੜ ਸੁਰਜੀਤ ਕਰਨ ਲਈ ਸਾਰਥਕਤਾ 'ਤੇ ਵਿਚਾਰ ਕੀਤਾ। ਉਨ੍ਹਾਂ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਭਾਰਤੀ ਖੇਤੀ ਦੀ ਯਾਤਰਾ ਦਾ ਜ਼ਿਕਰ ਕਰਦਿਆਂ ਇਸ ਗੱਲ ਤੇ ਚਾਨਣਾ ਪਾਇਆ ਕਿ ਕਿਵੇਂ ਪੰਜਾਬ ਖੁਰਾਕ ਸੁਰੱਖਿਆ ਵਿੱਚ ਸਭ ਤੋਂ ਅੱਗੇ ਨਿਕਲਿਆ। ਡਾ. ਧੀਮਾਨ ਨੇ ਹਰੀ ਕ੍ਰਾਂਤੀ ਤੋਂ ਬਾਅਦ ਦੇ ਕੁਦਰਤੀ ਸੋਮਿਆਂ ਦੀਆਂ ਚੁਣੌਤੀਆਂ, ਵਾਤਾਵਰਣਿਕ ਅਸੰਤੁਲਨ ਅਤੇ ਅਣਉਚਿਤ ਆਰਥਿਕ ਸਥਿਤੀਆਂ ਬਾਰੇ ਵੀ ਵਿਚਾਰ ਸਾਂਝੇ ਕੀਤੇ। ਮੌਜੂਦਾਂ ਮੁੱਦਿਆਂ ਜਿਵੇਂ ਕਿ ਖੇਤੀ ਸਿੱਖਿਆ ਦੀ ਗੁਣਵੱਤਾ ਨੂੰ ਉਤਸ਼ਾਹਿਤ ਕਰਨਾ, ਪ੍ਰਾਈਵੇਟ ਸੰਸਥਾਵਾਂ ਵਿੱਚ ਖੇਤੀ ਸਿੱਖਿਆ ਤੇ ਖੇਤੀਬਾੜੀ ਵਿੱਚ ਨੌਜਵਾਨਾਂ ਦੀ ਰੁਚੀ ਨੂੰ ਮੁੜ ਸੁਰਜੀਤ ਕਰਨ ਲਈ ਰਣਨੀਤੀਆਂ ਨੂੰ ਸੰਬੋਧਿਤ ਕਰਦੇ ਹੋਏ ਡਾ. ਧੀਮਾਨ ਨੇ ਯੋਗ ਢੰਗ ਤਰੀਕਿਆਂ ਦੀ ਰੂਪਰੇਖਾ ਸਾਂਝੀ ਕੀਤੀ ਜੋ ਨੌਕਰੀ ਲੱਭਣ ਵਾਲੇ ਨੌਜਵਾਨਾਂ ਨੂੰ ਨੌਕਰੀ ਦੇਣ ਵਾਲਿਆਂ ਵਿੱਚ ਬਦਲ ਸਕਦੇ ਹਨ। ਕਿਤਾਬ ਨੀਤੀ ਘੜਨ ਦੀ ਯੋਜਨਾਬੰਦੀ ਅਤੇ ਲੋੜ-ਅਧਾਰਿਤ ਖੇਤੀ ਵਿਕਾਸ ਪ੍ਰਣਾਲੀ ਨੂੰ ਯਕੀਨੀ ਬਣਾਉਣ ਲਈ ਖਾਸ ਸੁਝਾਅ ਪ੍ਰਦਾਨ ਕਰਦੀ ਹੈ। ਖੇਤੀਬਾੜੀ ਵਿਭਾਗ ਪੰਜਾਬ ਦੇ ਸਾਬਕਾ ਸੰਯੁਕਤ ਨਿਰਦੇਸ਼ਕ (ਇਨਪੁਟਸ) ਡਾ. ਬਲਦੇਵ ਸਿੰਘ ਨੇ ਪੁਸਤਕ ਦੇ ਤਕਨਾਲੋਜੀ ਅਤੇ ਨੀਤੀ ਯੋਜਨਾ ਬਾਰੇ ਵਿਲੱਖਣ ਦ੍ਰਿਸ਼ਟੀਕੋਣਾਂ ਤੇ ਚਾਨਣਾ ਪਾਇਆ। ਉਨ੍ਹਾਂ ਲੇਖਕ ਵੱਲੋਂ ਪਲਾਂਟ ਕਲੀਨਿਕਾਂ ਅਤੇ ਫਸਲਾਂ ਦੇ ਡਾਕਟਰਾਂ ਵਰਗੇ ਨਵੀਨਤਾਕਾਰੀ ਸੰਕਲਪਾਂ ਨੂੰ ਸ਼ਾਮਲ ਕਰਨ ਦੀ ਸ਼ਲਾਘਾ ਕੀਤੀ। ਮੁੱਖ ਖੇਤੀਬਾੜੀ ਅਫ਼ਸਰ, ਬਠਿੰਡਾ, ਕਰਨਬੀਰ ਸਿੰਘ ਨੇ ਪੁਸ਼ਟੀ ਕੀਤੀ ਕਿ ਪੁਸਤਕ ਦੇ ਸੁਝਾਅ, ਜਿਸ ਵਿੱਚ ਨੌਜਵਾਨਾਂ ਨੂੰ ਖੇਤੀਬਾੜੀ ਨਾਲ ਮੁੜ ਜੋੜਨਾ, ਖੇਤੀ-ਵਿਭਿੰਨਤਾ ਪ੍ਰੋਗਰਾਮਾਂ ਤੇ ਜ਼ੋਰ ਦੇਣਾ ਅਤੇ ਛੋਟੇ ਕਿਸਾਨਾਂ ਲਈ ਤਕਨਾਲੋਜੀ ਦਿਸ਼ਾ-ਨਿਰਦੇਸ਼ ਵਿਕਸਿਤ ਕਰਨਾ ਸ਼ਾਮਲ ਹੈ, ਪੰਜਾਬ ਦੇ ਖੇਤੀਬਾੜੀ ਸੈਕਟਰ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਦੀ ਸਮੱਰਥਾ ਰੱਖਦੇ ਹਨ। ਡਾ. ਦਵਿੰਦਰ ਸਿੰਘ ਲੱਧੜ, ਜੀ.ਕੇ.ਯੂ ਦੇ ਚਾਂਸਲਰ ਦੇ ਸਲਾਹਕਾਰ ਨੇ ਪ੍ਰਭਾਵੀ ਸੰਚਾਰ ਰਾਹੀਂ ਖੇਤੀਬਾੜੀ ਖੋਜ, ਅਧਿਆਪਨ ਅਤੇ ਤਕਨਾਲੋਜੀ ਦੇ ਤਬਾਦਲੇ ਵਿੱਚ ਡਾ. ਧੀਮਾਨ ਦੇ ਮਹੱਤਵਪੂਰਨ ਯੋਗਦਾਨ ਨੂੰ ਦਰਸਾਉਂਦਿਆਂ ਸਭਨਾਂ ਲਈ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਸਮਾਗਮ ਵਿੱਚ ਜੀ.ਕੇ.ਯੂ ਦੇ ਸਮੂਹ ਡੀਨ, ਡਾਇਰੈਕਟਰ ਅਤੇ ਸੀਨੀਅਰ ਅਧਿਕਾਰੀਆਂ ਸਮੇਤ ਖੇਤੀਬਾੜੀ ਵਿਭਾਗ, ਪੰਜਾਬ ਦੇ ਟੈਕਨੋਕਰੇਟਸ ਅਤੇ ਆਗਾਂਹਵਧੂ ਕਿਸਾਨਾਂ ਨੇ ਭਾਗ ਲਿਆ।

# ਇੱਕ ਨਜ਼ਰ



## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ ਵੱਲੋਂ ਮਨਾਇਆ ਗਿਆ ਵਿਸ਼ਵਾਸਘਾਤ ਦਿਵਸ

ਨਵੀਂ ਦਿੱਲੀ 11 ਮਾਰਚ (ਮਨਪ੍ਰੀਤ ਸਿੰਘ ਖਾਲਸਾ):-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ ਅਤੇ ਯੂਥ ਅਕਾਲੀ ਦਲ ਅੰਮ੍ਰਿਤਸਰ ਯੂਕੇ ਵੱਲੋਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਦੀ ਸਮਾਧ ਤੇ ਪਹੁੰਚ ਕੇ ਵਿਸ਼ਵਾਸਘਾਤ ਦਿਵਸ ਮਨਾਇਆ ਗਿਆ । ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ ਦੇ ਪ੍ਰਧਾਨ ਸਰਦਾਰ ਸਰਬਜੀਤ ਸਿੰਘ ਜਨਰਲ ਸਕੱਤਰ ਸਤਿੰਦਰ ਪਾਲ ਸਿੰਘ ਮੰਗੂਵਾਲ ਯੂਥ ਅਕਾਲੀ ਦਲ ਅੰਮ੍ਰਿਤਸਰ ਯੂਕੇ ਦੇ ਪ੍ਰਧਾਨ ਵਰਿੰਦਰਜੀਤ ਸਿੰਘ ਖਹਿਰਾ ਸਮੇਤ ਪਹੁੰਚੇ ਆਗੂਆਂ ਨੇ ਕਿਹਾ ਕਿ 9 ਮਾਰਚ 1846 ਨੂੰ ਬਰਤਾਨੀਆ ਸਰਕਾਰ ਵਲੋਂ ਨਬਾਲਗ ਦਲੀਪ ਸਿੰਘ ਨਾਲ ਸੰਧੀ ਕੀਤੀ ਗਈ ਸੀ ਪਰ ਸਰਕਾਰ ਆਪਣੀ ਫਿਤਰਤ ਮੁਤਾਬਕ ਉਸ ਉੱਤੋਂ ਮੁੱਕਰ ਗਈ । ਸਾਡੇ ਕੌਮੀ ਜਰਨੈਲ ਭਾਈ ਜਗਤਾਰ ਸਿੰਘ ਤਾਰਾ ਅਤੇ ਭਾਈ ਪਰਮਜੀਤ ਸਿੰਘ ਭਿਓਰਾ ਉਸੇ ਆਜ਼ਾਦੀ ਦੀ ਲੜਾਈ ਲੜਦੇ ਹੋਏ ਅੱਜ ਲੰਬੇ ਸਮੇਂ ਤੋਂ ਜੇਲਾਂ ਵਿੱਚ ਬੰਦ ਹਨ। ਦੋਵੇਂ ਸਿੰਘਾਂ ਵੱਲੋਂ ਅਪੀਲ ਕੀਤੀ ਗਈ ਸੀ ਕਿ 9 ਮਾਰਚ ਨੂੰ ਸਿੱਖ ਕੌਮ ਵਿਸ਼ਵਾਸ ਘਾਤ ਦਿਵਸ ਮਨਾਵੇ । ਭਾਈ ਜਗਤਾਰ ਸਿੰਘ ਤਾਰਾ ਅਤੇ ਭਾਈ ਪਰਮਜੀਤ ਸਿੰਘ ਭਿਓਰਾ ਦੀ ਇਸ ਬੇਨਤੀ ਨੂੰ ਮੰਨ ਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ ਵੱਲੋਂ ਹਰ ਸਾਲ ਇਹ ਪ੍ਰੋਗਰਾਮ ਮਹਾਰਾਜਾ ਦਲੀਪ ਸਿੰਘ ਜੀ ਸਮਾਧ ਉੱਤੇ ਕੀਤਾ ਜਾਵੇਗਾ। ਪੰਜਾਬ ਅਤੇ ਵਿਦੇਸ਼ਾਂ ਵਿੱਚ ਵਸਦੀ ਸਿੱਖ ਕੌਮ ਨੂੰ ਬੇਨਤੀ ਕੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿੱਚ ਡੱਟ ਕੇ ਸਾਥ ਦੇਵੇ ਤਾਂ ਜੋ ਅਸੀਂ ਆਪਣਾ ਰਾਜ ਭਾਗ ਮੁੜ ਸਥਾਪਿਤ ਕਰ ਸਕੀਏ । ਇਸ ਮੌਕੇ ਭਾਈ ਜਗਤਾਰ ਸਿੰਘ ਤਾਰਾ ਦੇ ਭੈਣ ਬੀਬੀ ਸਰਬਜੀਤ ਕੌਰ ਵੱਲੋਂ ਇਸ ਮੌਕੇ ਪਹੁੰਚੀ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ ਗਿਆ ।

## ਆਪਣੀ ਪੁਸਤਕ ਦਾ ਨਾਂ ਸ੍ਰੀ ਗੁਰੂ ਗ੍ਰੰਥ ਮੈਅਖਾਨਾ ਰੱਖਣ ਵਾਲੇ ਕੁਮਾਰ ਸਵਾਮੀ ਨੇ ਦਿੱਲੀ ਗੁਰਦੁਆਰਾ ਕਮੇਟੀ ਸਮੇਤ ਸਮੁੱਚੀ ਸਿੱਖ ਕੌਮ ਤੋਂ ਮੰਗੀ ਮੁਆਫੀ

ਨਵੀਂ ਦਿੱਲੀ, 11 ਮਾਰਚ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਦੇ ਮੁਖੀ ਸਰਦਾਰ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਬੀਤੇ ਦਿਨੀਂ ਦਿੱਲੀ ਦੀ ਨਿਰੰਕਾਰੀ ਕਲੌਨੀ ਵਿਚ ਹੋਏ ਸਮਾਗਮ ਵਿਚ ਆਪਣੀ ਲਿਖੀ ਪੁਸਤਕ ਦਾ ਨਾਂ ਸ੍ਰੀ ਗੁਰੂ ਗ੍ਰੰਥ ਮੈਅਖਾਨਾ ਰੱਖਣ ਵਾਲੇ ਕੁਮਾਰ ਸਵਾਮੀ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਮੁੱਚੀ ਸਿੱਖ ਕੌਮ ਤੋਂ ਹੋਈ ਗਲਤੀ ਦੀ ਮੁਆਫੀ ਮੰਗੀ ਹੈ ਤੇ ਭਰੋਸਾ ਦੁਆਇਆ ਹੈ ਕਿ ਭਵਿੱਖ ਵਿਚ ਅਜਿਹੀ ਗਲਤੀ ਕਦੇ ਨਹੀਂ ਹੋਵੇਗੀ। ਸਰਦਾਰ ਕਰਮਸਰ ਨੇ ਇਹ ਵੀ ਦੱਸਿਆ ਕਿ ਗਲਤੀ ਕਰਨ ਵਾਲੇ ਕੁਮਾਰ ਸਵਾਮੀ ਦੀ ਸੰਸਥਾ ਦੇ ਨੁਮਾਇੰਦਿਆ ਵਲੋਂ ਗੁਰਦੁਆਰਾ ਨਾਨਕ ਪਿਆਊ ਸਾਹਿਬ ਵਿਚ ਅਰਦਾਸ ਵੀ ਕਰਵਾਈ ਹੈ ਤੇ ਗੁਰੂ ਸਾਹਿਬ ਅੱਗੇ ਨਤਮਸਤਕ ਹੋ ਕੇ ਵੀ ਮੁਆਫੀ ਮੰਗੀ ਹੈ ਅਤੇ ਇਸਦੇ ਨਾਲ ਹੀ ਮੁਆਫ਼ੀ ਪਤਰ ਚੇਅਰਮੈਨ ਧਰਮ ਪ੍ਰਚਾਰ ਨੂੰ ਸੌਂਪਿਆ ਹੈ।

## ਬੈਲਜੀਅਮ ਵਿਖੇ ਬੰਦੀ ਸਿੰਘ ਅਤੇ ਕਿਸਾਨਾਂ ਦੇ ਹੱਕ ਵਿੱਚ ਹੋਏ ਰੋਸ ਪ੍ਰਦਰਸ਼ਨ

### ਯੂਰੋਪਿਅਨ ਕਮਿਸ਼ਨ ਮੂਹਰੇ ਚੁੱਕਿਆ ਜਾਏਗਾ ਬੰਦੀ ਸਿੰਘ ਅਤੇ ਕਿਸਾਨਾਂ ਦਾ ਮਸਲਾ



ਨਵੀਂ ਦਿੱਲੀ 11 ਮਾਰਚ (ਮਨਪ੍ਰੀਤ ਸਿੰਘ ਖਾਲਸਾ):-ਯੂਰੋਪ ਦੇ ਮੁੱਖ ਸ਼ਹਿਰ ਬੈਲਜੀਅਮ ਵਿਖੇ ਬੰਦੀ ਸਿੰਘ ਅਤੇ ਕਿਸਾਨਾਂ ਦੇ ਹਕ. ਵਿਚ ਰੋਸ ਪ੍ਰਦਰਸ਼ਨ ਕੀਤੇ ਗਏ ਹਨ । ਪ੍ਰਦਰਸ਼ਨ ਬਾਰੇ ਜਾਣਕਾਰੀ ਦੇਂਦਿਆਂ ਯੂਰੋਪਿਅਨ ਸਿੱਖ ਓਰਗੇਨਾਇਜੇਸ਼ਨ ਦੇ ਮੁੱਖੀ ਬਿੰਦਰ ਸਿੰਘ ਨੇ ਦਸਿਆ ਕਿ ਆਪਣੇ ਹਕਾਂ ਦੀ ਮੰਗ ਕਰ ਰਹੇ ਕਿਸਾਨਾਂ ਉਪਰ ਹਿੰਦੁਸਤਾਨ ਅੰਦਰ ਜਿਸ ਤਰ੍ਹਾਂ ਤਸ਼ੱਦਦ ਕੀਤਾ ਗਿਆ ਹੈ ਓਹ ਨਾ ਸਹਿਣ ਯੋਗ ਹੈ ਇਸ ਦੀ ਜਿਤਨੀ ਨਿਖੇਧੀ ਕੀਤੀ ਜਾਏ ਓਹ ਘੱਟ ਹੈ । ਉਨ੍ਹਾਂ ਕਿਹਾ ਪੈਲੇਟ ਗਂਨ, ਰਸਾਇਨੀਕ ਗੈਸਾਂ ਦੀ ਆਮ ਇਨਸਾਨਾਂ ਉਪਰ ਵਰਤੋਂ ਕੀਤੀ ਗਈ ਜਿਸ ਦੀ ਵਰਤੋਂ ਉਪਰ ਸਖ਼ਤ ਮਨਾਹੀ ਹੈ । ਉਨ੍ਹਾਂ ਕਿਹਾ ਕਿ ਸਿੱਖ ਧਰਮ ਦਾ ਪ੍ਰਚਾਰ ਕਰ ਰਹੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਨੂੰ ਪੰਜਾਬ ਤੋਂ ਹਜਾਰਾਂ ਮੀਲ ਦੂਰ ਅਸਾਮ ਅੰਦਰ ਬੰਦ ਕਰਕੇ, ਸਿੱਖਾਂ ਨੂੰ ਤੀਜੇ ਦਰਜੇ ਦੇ ਨਾਗਰਿਕ ਹੋਣਾ ਦਸਿਆ ਗਿਆ । ਹੁਣ ਉਨ੍ਹਾਂ ਉਪਰ ਹੋ ਰਹੇ ਤਸ਼ੱਦਦ ਵਿਰੁੱਧ ਭੁੱਖ ਹੜਤਾਲ ਤੇ ਹਨ ਤੇ ਉਨ੍ਹਾਂ ਦੇ ਹਕ. ਵਿਚ ਉਨ੍ਹਾਂ ਦੇ ਮਾਤਾ ਪਿਤਾ ਅਤੇ ਹੋਰ ਸੰਗਤਾਂ ਵੀਂ ਭੁੱਖ ਹੜਤਾਲ ਤੇ ਹਨ ਪਰ ਸਰਕਾਰ ਉਨ੍ਹਾਂ ਵਲ ਧਿਆਨ ਨਹੀਂ ਦੇ ਰਹੀ ਹੈ । ਅਸੀ ਇਨ੍ਹਾਂ ਗੱਲਾਂ ਦਾ ਧਿਆਨ ਯੂਰੋਪਿਅਨ ਪਾਰਲੀਮੈਂਟ ਅੰਦਰ ਵੀਂ ਲਿਆਂਦਾ ਹੈ ਅਤੇ ਜੇਕਰ ਇਹ ਮੁੱਦੇ ਜਲਦ ਹੱਲ ਨਹੀਂ ਹੁੰਦੇ ਤਾਂ ਯੂਰੋਪਿਅਨ ਕਮਿਸ਼ਨ ਮੂਹਰੇ ਵੀਂ ਬੰਦੀ ਸਿੰਘ ਅਤੇ ਕਿਸਾਨਾਂ ਦਾ ਮਸਲਾ ਚੁੱਕਿਆ ਜਾਏਗਾ । ਹਿੰਦੁਸਤਾਨ ਸਰਕਾਰ ਅਤੇ ਸਟੇਟ ਸਰਕਾਰ ਦੇ ਧਿਆਨ ਵਿਚ ਬੰਦੀ ਸਿੰਘਾਂ ਦੇ ਮੁੱਦੇ ਅਤੇ ਕਿਸਾਨਾਂ ਦੀਆਂ ਮੰਗਾ ਨੂੰ ਲਿਆਉਣ ਲਈ ਅਸੀ ਇਕ ਵੱਡਾ ਰੋਸ ਪ੍ਰਦਰਸ਼ਨ ਬੈਲਜੀਅਮ ਦੇ ਗੁਰਦੁਆਰਾ ਸਾਹਿਬ ਦੇ ਗਰਾਉਂਡ ਵਿਚ ਕੀਤਾ ਹੈ ਜਿਸ ਨਾਲ ਓਹ ਤੁਰੰਤ ਉਨ੍ਹਾਂ ਦੇ ਮਸਲੇ ਨੂੰ ਹੱਲ ਕਰੇ । ਇਸ ਰੋਸ ਪ੍ਰਦਰਸ਼ਨ ਮੌਕੇ ਯੂਕੇ ਤੋਂ ਭਾਈ ਤਰਸੇਮ ਸਿੰਘ ਖਾਲਸਾ, ਭਾਈ ਰਮਨ ਸਿੰਘ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਕਰਮ ਸਿੰਘ ਸਮੇਤ ਵੱਡੀ ਗਿਣਤੀ ਅੰਦਰ ਬੀਬੀਆਂ, ਬੱਚੇ, ਨੌਜੁਆਨ ਅਤੇ ਬਜ਼ੁਰਗ ਆਪਣਾ ਰੋਸ ਪ੍ਰਗਟ ਕਰਣ ਲਈ ਸ਼ਾਮਿਲ ਹੋਏ ਹਨ ।

### ਯਾਦਗਾਰੀ ਪਲਾਂ ਨਾਲ 'ਖੇਡਾਂ ਉਦੋਨੰਗਲ ਦੀਆਂ' ਦੀ ਹੋਈ ਸ਼ਾਨਦਾਰ ਸਮਾਪਤੀ

## ਸੱਭਿਆਚਾਰਕ ਮੇਲੇ ਦੌਰਾਨ ਗੁਰਨਾਮ ਭੁੱਲਰ ਤੇ ਅਮਨ ਰੋਜ਼ੀ ਦੀ ਗਾਇਕੀ ਨੇ ਜਿੱਤਿਆ ਦਰਸ਼ਕਾਂ ਦਾ ਦਿਲ

**ਕੈਬਨਿਟ ਮੰਤਰੀ ਤੇ ਹਲਕਾ ਵਿਧਾਇਕ ਹਰਭਜਨ ਸਿੰਘ ਈ.ਟੀ.ਓ. ਤੇ ਉਨ੍ਹਾਂ ਦੀ ਧਰਮਪਤਨੀ ਮੈਡਮ ਸੁਹਿੰਦਰ ਕੌਰ ਨੇ ਇਸ ਖੇਡ ਮੇਲੇ 'ਚ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਹਾਜ਼ਰੀ ਭਰੀ ਤੇ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਤਕਸੀਮ ਕਰਦੇ ਹੋਏ ਉਨ੍ਹਾਂ ਦੀ ਹੌਂਸਲਾ ਅਫਜਾਈ ਕੀਤੀ**







ਚੌਂਕ ਮਹਿਤਾ,11 ਮਾਰਚ(ਬਾਬਾ ਸੁਖਵੰਤ ਸਿੰਘ ਚੰਨਣਕੇ)-ਪਿੰਡ ਉਦੋਨੰਗਲ ਦਾ ਚਾਰ ਰੋਜ਼ਾਂ ਖੇਡ ਮੇਲਾ 'ਖੇਡਾਂ ਉਦੋਨੰਗਲ ਦੀਆਂ' ਇੱਕ ਵਾਰ ਮੁੜ ਤੋਂ ਵੱਡੀਆਂ ਮੱਲ੍ਹਾਂ ਮਾਰਦੇ ਤੇ ਅਮਿੱਟ ਯਾਦਾਂ ਛੱਡਦੇ ਹੋਏ ਪੂਰੀ ਸ਼ਾਂਨੋ ਸ਼ੌਕਤ ਨਾਲ ਸਮਾਪਤ ਹੋ ਗਿਆ। ਰੰਧਾਵਾ ਸਪੋਰਟਸ ਐਂਡ ਕਲਚਰਲ ਕਲੱਬ ਉਦੋਨੰਗਲ ਵੱਲੋਂ ਕਰਾਏ ਗਏ ਇਸ ਖੇਡ ਮੇਲੇ ਅੰਦਰ ਹਾਕੀ ਓਪਨ,ਹਾਕੀ ਜੂਨੀਅਰ ਤੇ ਫੁੱਟਬਾਲ ਓਪਨ ਦੇ ਸ਼ਾਨਦਾਰਾਂ ਮੈਚਾਂ ਤੋਂ ਇਲਾਵਾ ਕੱਬਡੀ ਮਹਾਂਕੁੰਭ 'ਚ ਨਾਮਵਰ ਕਲੱਬਾਂ ਤੇ ਖਿਡਾਰੀਆਂ ਦੇ ਫਸਵੇਂ ਮੁਕਾਬਲੇ ਦੇਖਣ ਨੂੰ ਮਿਲੇ ।ਇਸਦੇ ਨਾਲ ਹੀ ਖੁੱਲ੍ਹੇ ਅਖਾੜੇ ਅੰਦਰ ਲੋਕ ਪ੍ਰਸਿੱਧ ਕਲਾਕਾਰ ਗੁਰਨਾਮ ਭੁੱਲਰ ਤੇ ਅਮਨ ਰੋਜ਼ੀ ਨੇ ਆਪਣੀ ਜ਼ੋਰਦਾਰ ਗਾਇਕੀ ਨਾਲ ਹਜ਼ਾਰਾਂ ਦੀ ਗਿਣਤੀ 'ਚ ਪੁੱਜੇ ਦਰਸ਼ਕਾਂ ਦਾ ਦਿਲ ਜਿੱਤ ਲਿਆ ਤੇ ਇਸ ਖੇਡ ਮੇਲੇ ਨੂੰ ਪੂਰੀ ਤਰ੍ਹਾਂ ਯਾਦਗਾਰੀ ਬਣਾ ਦਿੱਤਾ।ਕੈਬਨਿਟ ਮੰਤਰੀ ਤੇ ਹਲਕਾ ਵਿਧਾਇਕ ਹਰਭਜਨ ਸਿੰਘ ਈ.ਟੀ.ਓ. ਤੇ ਉਨ੍ਹਾਂ ਦੀ ਧਰਮਪਤਨੀ ਮੈਡਮ ਸੁਹਿੰਦਰ ਕੌਰ ਨੇ ਇਸ ਖੇਡ ਮੇਲੇ 'ਚ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਹਾਜ਼ਰੀ ਭਰੀ ਤੇ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਤਕਸੀਮ ਕਰਦੇ ਹੋਏ ਉਨ੍ਹਾਂ ਦੀ ਹੌਂਸਲਾ ਅਫਜਾਈ ਕੀਤੀ ।ਉਨ੍ਹਾਂ ਨੇ ਪਿਛਲੇ ਲੰਬੇ ਸਮੇਂ ਤੋਂ ਖੇਡਾਂ ਪ੍ਰਤੀ ਨਿਭਾਈਆਂ ਜਾਈਆਂ ਸੇਵਾਵਾਂ ਲਈ ਰੰਧਾਵਾ ਸਪੋਰਟਸ ਕਲੱਬ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਦਾ ਹਰ ਪੱਖੋਂ ਸਹਿਯੋਗ ਕਰਨ ਦਾ ਭਰੋਸਾ ਵੀ ਦਿੱਤਾ। ਇਸ ਦੌਰਾਨ ਸੁਖਦੇਵ ਸਿੰਘ ਭੰਡਾਲ,ਗੁਰਮੇਜ਼ ਸਿੰਘ ਉਦੋਨੰਗਲ,ਚੇਅਰਮੈਨ ਗੁਰਿੰਦਰ ਸਿੰਘ ਰੰਧਾਵਾ,ਗੁਰਮੇਹਰ ਸਿੰਘ,ਡਾ. ਸੋਹਜਪ੍ਰੀਤ ਸਿੰਘ ,ਮਾ.ਬਲਵਿੰਦਰ ਸਿੰਘ ਬੱਬਲੀ, ਅਜੈਪਾਲ ਸਿੰਘ ਸ਼ਾਹ, ਐੱਸ.ਐਚ.ਓ .ਮਹਿਤਾ ਗਗਨਦੀਪ ਸਿੰਘ,ਉਲੰਪੀਅਨ ਬਲਬੀਰ ਸਿੰਘ, ਜਥੇਦਾਰ ਰਾਜਬੀਰ ਸਿੰਘ, ਗੁਰਿੰਦਰ ਸਿੰਘ ਨੰਗਲੀ, ਬਲਜਿੰਦਰ ਸਿੰਘ ਦਬੁਰਜੀ, ਰਜਿੰਦਰ ਸਿੰਘ ਸਾਬਕਾ ਸਰਪੰਚ, ਗੁਰਮੁੱਖ ਸਿੰਘ ਸਾਬਾ,ਬਲਾਕ ਪ੍ਰਧਾਨ ਅਜੈ ਗਾਂਧੀ ਤੇ ਜਰਮਨ ਰੰਧਾਵਾ, ਬਲਜੀਤ ਸਿੰਘ ਚਾਹਲ, ਜਗਮੇਲ ਸਿੰਘ, ਭੁਪਿੰਦਰ ਸਿੰਘ ਪ੍ਰਧਾਨ, ਕੁਲਵੰਤ ਸਿੰਘ ਰੰਧਾਵਾ, ਚੇਅਰਮੈਨ ਗੁਰਮੀਤ ਸਿੰਘ ਨੰਗਲੀ ,ਠੇਕੇਦਾਰ ਲਖਵਿੰਦਰ ਸਿੰਘ, ਡਾ.ਵਿੱਕੀ , ਸੰਪੂਰਨ ਸਿੰਘ ਰੰਧਾਵਾ, ਰਾਜ ਸਿੱਧੂ ਜਹਾਂਗੀਰ, ਤੇਜਬੀਰ ਸਿੰਘ ਸੋਹਲ, ਜੇ.ਡੀ ਪੱਡਾ, ਬਲਦੇਵ ਸਿੰਘ ਰਾਇਲ ਪੈਲਸ, ਗੁਰਧਿਆਨ ਸਿੰਘ ਮਹਿਤਾ, ਸਤਨਾਮ ਸਿੰਘ ਸੱਤਾ , ਸ਼ਮਸ਼ੇਰ ਸਿੰਘ ਸ਼ੇਰਾ, ਮਨਪ੍ਰੀਤ ਸਿੰਘ ਮੋਟੂ, ਜਸਬੀਰ ਸਿੰਘ ਇਟਲੀ, ਰਣਬੀਰ ਸਿੰਘ ਭਿੰਡਰ, ਰਘੂਬੀਰ ਸਿੰਘ ਗੰਗਾਨਗਰ, ਅੰਗਰੇਜ਼ ਸਿੰਘ , ਗੁਰਸਾਹਿਬ ਸਿੰਘ, ਪਰਮਿੰਦਰ ਸਿੰਘ ਬੱਬਾ, ਧੀਰਾ ਮਲਕ ਨੰਗਲ, ਹਰਸ਼ਦੀਪ ਸਿੰਘ ਰੰਧਾਵਾ, ਰਾਜਾ, ਸਲਵਿੰਦਰ ਸਿੰਘ ਟੋਨਾ, ਪਲਵਿੰਦਰ ਸਿੰਘ ਪੱਪਾ, ਸਰਪੰਚ ਕਸ਼ਮੀਰ ਸਿੰਘ ਕਾਲਾ, ਸਰਪੰਚ ਮਨਦੀਪ ਸਿੰਘ ਸੋਨਾ, ਸਾਬੀ ਮਹਿਤਾ, ਬਲਕਾਰ ਸਿੰਘ ਪੀ.ਬੀ.ਐਸ. ,ਮੰਨੂ ਵਿਜੇ ਡੇਰੀ, ਵਿਜੇ ਤਨੇਜਾ, ਬਲਵਿੰਦਰ ਸਿੰਘ ਬਿੰਦਾ, ਮੈਨੇਜਰ ਗੁਰਪ੍ਰੀਤ ਸਿੰਘ ਰੰਧਾਵਾ,ਗੁਲਜ਼ਾਰ ਸਿੰਘ ਮਹਿਤਾ, ਟੀਟੂ ਸ਼ਾਹ, ਰਾਜਨ ਵੰਡਰ ਪੈਲਸ ,ਸ਼ਤੀਸ਼ ਕੁਮਾਰ ਸੇਠੀ, ਮੇਜਰ ਪੁਰਬਾ, ਵਿੱਕੀ ਫੋਰਐਵਰ ,ਹੈਪੀ ਰੰਧਾਵਾ,ਗੁਰਧਿਆਨ ਸਿੰਘ ਰੰਧਾਵਾ, ਨੰਬਰਦਾਰ ਅਜੈਬ ਸਿੰਘ ਤੇ ਸਰਵਨ ਸਿੰਘ,ਮਲਕੀਤ ਸਿੰਘ,ਰਛਪਾਲ ਸਿੰਘ ਤੇ ਤਰਸੇਮ ਸਿੰਘ ਰੋਹੀ ਵਾਲੇ, ਅਜੀਤ ਸਿੰਘ ਰੰਧਾਵਾ ,ਰਾਜਵਿੰਦਰ ਰਾਜੂ ਮਲਕਨੰਗਲ ,ਚੈਂਚਲ ਸਿੰਘ ਤੇ ਸਤਨਾਮ ਸਿੰਘ ਸੱਤ ਆਦਿ ਵੀ ਮੌਜੂਦ ਸਨ। ਇਸ ਦਿਨ ਹੋਏ ਫਾਈਨਲ ਦੇ ਮੈਚਾਂ ਦੌਰਾਨ ਹਾਕੀ ਓਪਨ ਦੀ ਜੇਤੂ ਟੀਮ ਆਰ.ਸੀ.ਐੱਫ. ਤੇ ਉਪਜੇਤੂ ਰੰਧਾਵਾ ਸਪੋਰਟਸ ਕਲੱਬ ਉਦੋਨੰਗਲ ਰਹੀ,ਜਦਕਿ ਜੂਨੀਅਰ 'ਚ ਬੁਤਾਲਾ ਟੀਮ ਨੇ ਪਹਿਲੀ ਤੇ ਨਿਰਵਾਣਾ ਦੀ ਟੀਮ ਨੇ ਦੂਸਰੀ ਪੁਜੀਸ਼ਨ ਹਾਸਲ ਕੀਤੀ ।ਇਸੇ ਤਰ੍ਹਾਂ ਕਬੱਡੀ ਕੱਪ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਸਪੋਰਟਸ ਕਲੱਬ ਮਾਛੀਵਾੜਾ ਦੀ ਟੀਮ ਜੇਤੂ ਤੂ ਬਾਬਾ ਪਾਲਾ ਸਪੋਰਟਸ ਕਲੱਬ ਲੋਹਗੜ੍ਹ ਦੀ ਟੀਮ ਉਪਜੇਤੂ ਰਹੀ। ਖੇਡ ਮੇਲੇ 'ਚ ਜਿੱਥੇ ਬਹੁਤ ਸਾਰੇ ਐੱਨ.ਆਰ.ਆਈਜ਼. ਦਾ ਵਿਸ਼ੇਸ਼ ਸਹਿਯੋਗ ਰਿਹਾ ,ਉੱਥੇ ਹੀ ਮਨਪ੍ਰੀਤ ਸਿੰਘ ਰਾਜਾ, ਗਗਨ ਰੰਧਾਵਾ, ਸਿੰਮੂ ਰੰਧਾਵਾ ,ਸੁਖਦੇਵ ਸਿੰਘ ਬੁੱਟਰ, ਕਰਨਬੀਰ ਬੱਲ,ਪ੍ਰਿੰਸ ਰੰਧਾਵਾ ਤੇ ਜੱਜਬੀਰ( ਆਸਟ੍ਰੇਲੀਆ), ਰਘਬੀਰ ਸਿੰਘ ਛੋਟਾ (ਇਟਲੀ), ਸੁਖਜਿੰਦਰ ਸਿੰਘ ਪਟਵਾਰੀ, ਗੁਰਕਿਰਨਬੀਰ ਤੇ ਮਾ. ਤਰਿੰਦਰ ਭਿੰਦਾ (ਯੂ.ਐਸ.ਏ), ਨਵ ਰੰਧਾਵਾ (ਸਵੀਡਨ) ਤੇ ਰਾਜਬੀਰ ਚਾਹਲ (ਕੈਨੇਡਾ) ਆਦਿ ਨੇ ਵਿਸ਼ੇਸ਼ ਹਾਜ਼ਰੀ ਭਰੀ। ਕਲੱਬ ਵੱਲੋਂ ਇੰਸਪੈਕਟਰ ਗੁਰਮੇਜ਼ ਸਿੰਘ ਰੰਧਾਵਾ ,ਗੁਰਦਵਿੰਦਰ ਸਿੰਘ ਰੰਧਾਵਾ, ਗੁਰਬਰਿੰਦਰ ਸਿੰਘ ,ਮੰਚ ਸੰਚਾਲਕ ਕੁਲਬੀਰ ਸਿੰਘ,ਦਵਿੰਦਰ ਸਿੰਘ ,ਹਰਮਨ ਰੰਧਾਵਾ, ਆਤਮਬੀਰ ਰੰਧਾਵਾ ,ਅਭੀਜੀਤ ਸਿੰਘ ,ਕਰਮ ਪੰਨੂ, ਹਰਪ੍ਰੀਤ ਸੋਨੂ , ਬਿੱਕਾ ਪੰਨੂੰ,ਜਤਿੰਦਰ ਸਿੰਘ ,ਸਾਬੀ ਰੰਧਾਵਾ, ਸੂਬੇਦਾਰ ਮੁਖਤਾਰ ਸਿੰਘ, ਕਾਲਾ ਕੋਚ, ਜਸ ਆਰਮੀ ਤੇ ਗੁੱਲੂ ਰੰਧਾਵਾ ਆਦਿ ਨੇ ਇਸ ਖੇਡ ਮੇਲੇ ਦੀ ਵੱਡੀ ਕਾਮਯਾਬੀ ਲਈ ਸਮੂਹ ਰਾਜਨੀਤਿਕ ਤੇ ਸਮਾਜਿਕ ਸ਼ਖਸ਼ੀਅਤਾਂ,ਐੱਨ.ਆਰ.ਆਈ ਵੀਰਾਂ ,ਮੋਹਤਬਰ ਸੱਜਣਾਂ ਤੇ ਇਲਾਕਾ ਨਿਵਾਸੀਆਂ ਦਾ ਧੰਨਵਾਦ ਕਰਦੇ ਹੋਏ ਹਾਜ਼ਰ ਸ਼ਖਸ਼ੀਅਤਾਂ ਨੂੰ ਯਾਦਗਰੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ।

### ਗੁਰਦੁਆਰਾ ਸ੍ਰੀ ਗੁਰੂ ਰਾਮ ਦਾਸ ਪੁਰੀ ਅਰਮਾਨਪੁਰਾ ਆਸਲ ਵਿਖੇ

## ਸੰਤਾਂ ਮਹਾਂਪੁਰਸ਼ਾਂ ਅਤੇ ਗੁਰੂ ਘਰ ਦੇ ਸੇਵਾਦਾਰ ਦੀ ਸਲਾਨਾ ਬਰਸੀ ਮਨਾਈ ਗਈ







ਫ਼ਿਰੋਜ਼ਪੁਰ, 11 ਮਾਰਚ (ਮਨੋਹਰ ਲਾਲ) : ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਪੁਰੀ ਅਰਮਾਨ ਪੁਰ ਆਸਲ ਵਿਖੇ ਸੰਤਾਂ ਮਹਾਂਪੁਰਸ਼ਾਂ ਅਤੇ ਗੁਰੂ ਘਰ ਦੇ ਸੇਵਾਦਾਰਾਂ ਦੀ ਸਲਾਨਾ ਬਰਸੀ ਮਨਾਈ ਗਈ। ਇਹ ਮਹਾਂ ਪੁਰਸ਼ਾਂ ਜਿਨ੍ਹਾਂ ਵਿਚ ਸੱਚਖੰਡ ਵਾਸੀ ਸੰਤ ਬਾਬਾ ਠਾਕੁਰ ਸਿੰਘ ਜੀ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਂਕ ਮਹਿਤਾ ਦਮਦਮੀ ਟਕਸਾਲ, ਸੱਚਖੰਡ ਵਾਸੀ ਸੰਤ ਬਾਬਾ ਦਇਆ ਸਿੰਘ ਜੀ ਸੁਰ ਸਿੰਘ ਵਾਲੇ ਦਲ ਪੰਥ ਬਾਬਾ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ, ਸੱਚਖੰਡ ਵਾਸੀ ਸੰਤ ਬਾਬਾ ਅਜੀਤ ਸਿੰਘ ਜੀ ਜੰਡ ਸਾਹਿਬ (ਸ੍ਰੀ ਮੁਕਤਸਰ ਸਾਹਿਬ) ਸੱਚਖੰਡ ਵਾਸੀ ਸੰਤ ਬਾਬਾ ਹਰਨੇਕ ਸਿੰਘ ਜੀ ਸੰਪਰਦਾਇ ਰਾੜਾ ਸਾਹਿਬ ਵਾਲੇ, ਸੱਚਖੰਡ ਵਾਸੀ ਗਿਆਨੀ ਪੂਰਨ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ (ਸ੍ਰੀ ਅੰਮ੍ਰਿਤਸਰ ਸਾਹਿਬ) ਸੱਚਖੰਡ ਵਾਸੀ ਸੰਤ ਬਾਬਾ ਬਚਿੱਤਰ ਸਿੰਘ ਜੀ ਗੁਰਦੁਆਰਾ ਬਾਬਾ ਰਾਮ ਲਾਲ ਫ਼ਿਰੋਜ਼ਪੁਰ ਜਿਨ੍ਹਾਂ ਨੇ ਸਾਰੀ ਉਮਰ ਸੰਗਤਾਂ ਨੂੰ ਸਿੱਧੇ ਰਸਤੇ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਜ਼ੋੜਿਆ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਨਾਲ ਜ਼ੋੜਿਆ। ਇਨ੍ਹਾਂ ਮਹਾਂ ਪੁਰਸ਼ਾਂ ਨੇ ਸਾਰੀ ਉਮਰ ਸੇਵਾ ਸਿਮਰਨ ਕੀਤੀ ਅਤੇ ਗੁਰਦੁਆਰਿਆਂ ਦੀ ਸੇਵਾ, ਸਰਾਵਾਂ ਦੀ ਸੇਵਾ, ਸੜਕਾਂ, ਪੁੱਲ ਬਣਾ ਕੇ ਦਿੱਤੇ ਅਤੇ ਹਮੇਸ਼ਾ ਲੰਗਰਾਂ ਵਿਚ ਵੀ ਮੋਹਰਲੀ ਕਤਾਰ ਵਿਚ ਰਹੇ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਭੋਗ ਉਪਰੰਤ ਦੀਵਾਨ ਸਜਾਏ ਏ, ਜਿਸ ਵਿਚ ਰਾਗੀ, ਢਾਡੀ, ਕਥਾਵਾਚਕ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਗੁਰਦੁਆਰਾ ਸ੍ਰੀ ਗੁਰੂ ਰਾਮ ਦਾਸ ਪੁਰੀ ਅਰਮਾਨਪੁਰਾ ਆਸਲ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਭਗਤ ਮਿਲਖਾ ਸਿੰਘ ਜੀ ਨੇ ਹੁਕਮਨਾਮੇ ਦੀ ਕਥਾ ਕਰਦਿਆਂ ਆਖਿਆ ਕਿ ਸਾਨੂੰ ਵਾਹਿਗੁਰੂ ਦੇ ਭਾਣੇ ਵਿਚ ਰਹਿ ਕੇ ਆਪਣਾ ਜੀਵਨ ਬਸਰ ਕਰਨਾ ਚਾਹੀਦਾ ਹੈ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਲੜ ਲੱਗਣਾ ਚਾਹੀਦਾ ਹੈ। ਬਾਬਾ ਜੀ ਨੇ ਅੱਗੇ ਕਿਹਾ ਕਿ ਅੱਜ ਅਸੀਂ ਇਨ੍ਹਾਂ ਸੰਤਾਂ, ਮਹਾਂਪੁਰਸ਼ਾਂ ਦੀ ਬਰਸੀ ਮਨਾ ਰਹੇ ਹਾਂ। ਇਨ੍ਹਾਂ ਨੇ ਸਾਰੀ ਉਮਰ ਮਨੁੱਖਤਾ ਦੀ ਸੇਵਾ ਕੀਤੀ ਅਤੇ ਨਾਮ ਸਿਮਰਨ ਕੀਤਾ ਅਤੇ ਸੰਗਤਾਂ ਨੂੰ ਗੁਰੂ ਨਾਲ ਜ਼ੋੜਿਆ। ਇਸ ਮੌਕੇ ਤੇ ਆਏ ਹੋਏ ਰਾਗੀ, ਢਾਡੀ, ਕਥਾਵਾਚਕ ਜਥਿਆਂ ਤੋਂ ਇਲਾਵਾ ਪਤਵੰਤੇ ਆਗੂਆਂ ਨੂੰ ਸਨਮਾਨਿਤ ਕੀਤਾ ਗਿਆ। ਸਟੇਜ਼ ਦੀ ਸੇਵਾ ਭਾਈ ਨਿਰਵੈਰ ਸਿੰਘ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ।

## ਇੱਕ ਨਜ਼ਰ



## ਜੈਪਾਲ ਸਿੰਘ ਭੁੱਲਰ ਦੇ ਪਿਤਾ ਭੁਪਿੰਦਰ ਸਿੰਘ ਭੁੱਲਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿੱਚ ਹੋਏ ਸ਼ਾਮਲ: ਭੁੱਲਰ

ਫ਼ਿਰੋਜ਼ਪੁਰ, 11 ਮਾਰਚ (ਮਨੋਹਰ ਲਾਲ) :— ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜ਼ਿਲਾ ਫਿਰੋਜ਼ਪੁਰ ਦੇ ਪ੍ਰਧਾਨ ਗੁਰਚਰਨ ਸਿੰਘ ਭੁੱਲਰ ਨੇ ਦੱਸਿਆ ਕਿ ਪਾਰਟੀ ਦੀ ਹੰਗਾਮੀ ਮੀਟਿੰਗ ਭੁਪਿੰਦਰ ਸਿੰਘ ਭੁੱਲਰ ਦੇ ਗ੍ਰਹਿ ਵਿਖੇ ਕੌਮੀ ਜਰਨਲ ਸਕੱਤਰ ਹਰਪਾਲ ਸਿੰਘ ਬਲੇਅਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਜੈਪਾਲ ਸਿੰਘ ਭੁੱਲਰ ਦੇ ਪਿਤਾ ਭੁਪਿੰਦਰ ਸਿੰਘ ਭੁੱਲਰ ਨੇ ਸਿਮਰਨਜੀਤ ਸਿੰਘ ਮਾਨ ਸਾਹਿਬ ਦੀਆਂ ਨੀਤੀਆਂ ਨਾਲ ਸਹਿਮਤ ਹੁੰਦੇ ਹੋਏ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਜਥੇਦਾਰ ਹਰਪਾਲ ਸਿੰਘ ਬਲੇਅਰ ਵੱਲੋ ਪਾਰਟੀ ਪ੍ਰਧਾਨ ਦੇ ਹੁਕਮ ਅਨੁਸਾਰ ਉਨ੍ਹਾਂ ਨੂੰ ਫਿਰੋਜ਼ਪੁਰ ਸ਼ਹਿਰੀ ਪਰਧਾਨ ਨਿਯੁਕਤ ਕਰਕੇ ਜੁਮੇਵਾਰੀਆਂ ਸੋਪੀਆਂ। ਕੌਮੀ ਜਰਨਲ ਸਕੱਤਰ ਹਰਪਾਲ ਸਿੰਘ ਬਲੇਅਰ ਨੇ ਕਿਹਾ ਕਿ ਪੰਜਾਬ ਦੇ ਹਲਾਤ ਅੱਜ ਬਿਹਾਰ ਨਾਲੋ ਮਾੜੇ ਹੋ ਗਏ ਹਨ, ਨਿੱਤ ਦਿਹਾੜੇ ਨੌਜਵਾਨਾਂ ਦੇ ਕਤਲ ਹੋ ਰਹੇ ਹਨ, ਸਰਕਾਰਾਂ ਵੱਲੋ ਮਾੜੇ ਅਨਸਰਾਂ ਦੀ ਪੁਸਤ ਪਨਾਹੀ ਕੀਤੀ ਜਾ ਰਹੀ ਹੈ, ਲੋਕਾਂ ਦੇ ਮਨਾਂ ਵਿੱਚ ਡਰ ਬੈਠ ਗਿਆ ਹੈ ਕਿਉਂਕਿ ਪੰਜਾਬ ਦੀ ਨੋਜਵਾਨੀ ਕੁਝ ਨਸ਼ਿਆਂ ਨਾਲ ਮਰ ਰਹੀ ਹੈ, ਕੁਝ ਗੈਂਗਸਟਰ ਕਹਿ ਕੇ ਮਾਰੀ ਜਾ ਰਹੀ ਹਨ, ਕੁਝ ਨੋਜਵਾਨਾਂ ਤੇ ਝੂਠੇ ਮੁਕੱਦਮੇ ਦਰਜ ਕਰਕੇ ਜੇਲ੍ਹਾਂ ਵਿੱਚ ਸੁਟਿਆ ਜਾ ਰਿਹਾ। ਉਨ੍ਹਾਂ ਕਿਹਾ ਕਿ ਇਸੀ ਡਰ ਕਾਰਨ ਕੋਈ ਵੀ ਮਾਂ ਬਾਪ ਆਪਣੇ ਬੱਚਿਆਂ ਨੂੰ ਪੰਜਾਬ ਅੰਦਰ ਨਹੀ ਰੱਖਣਾ ਚਾਹੁੰਦਾ, ਜਿਸ ਕਾਰਨ ਸਾਡੀ ਨੌਜਵਾਨੀ ਬਾਹਰਲੇ ਦੇਸ਼ਾਂ ਵੱਲ ਹਿਜਰਤ ਕਰ ਰਹੀ ਹੈ। ਇਸ ਮੌਕੇ ਤੇਜਿੰਦਰ ਸਿੰਘ ਦਿਉਲ ਯੂਥ ਪ੍ਰਧਾਨ ਪੰਜਾਬ, ਜਤਿੰਦਰ ਸਿੰਘ ਥਿੰਦ ਪੀ.ਏ.ਸੀ ਮੈਂਬਰ, ਜਗਜੀਤ ਸਿੰਘ ਦਫਤਰ ਸਕੱਤਰ, ਗੁਰਵਿੰਦਰ ਸਿੰਘ ਮਹਾਲਮ ਜ਼ਿਲਾ ਪ੍ਰਧਾਨ, ਪਰਗਟ ਸਿੰਘ ਵਾਹਕੇ, ਬਲਵੰਤ ਸਿੰਘ ਗੋਪਾਲਾ ਸੀਨੀ ਆਗੂ, ਨਿਸ਼ਾਨ ਸਿੰਘ, ਜਸਬੀਰ ਸਿੰਘ ਬੱਚੇੜੇ ਜੰਥੇਬੰਧਕ ਸਕੱਤਰ, ਬੇਅੰਤ ਸਿੰਘ ਸੰਧੂ, ਬੋਹੜ ਸਿੰਘ ਥਿੰਦ, ਨਰਿੰਦਰ ਸਿੰਘ ਵੈਰੜ ਪ੍ਰਧਾਨ ਜੰਥੇਬੰਧਕ ਸਕੱਤਰ ਹਲਕਾ ਫਿਰੋਜ਼ਪੁਰ, ਸੁੱਚਾ ਸਿੰਘ, ਮਨਮੀਤ ਸਿੰਘ, ਰਣਜੀਤ ਸਿੰਘ, ਹਰਪ੍ਰੀਤ ਸਿੰਘ, ਰਾਜਬੀਰ ਸਿੰਘ ਸਿਧੂ ਵਕੀਲ, ਪਰਮਜੀਤ ਸਿੰਘ ਭੁੱਲਰ ਵਕੀਲ, ਕਰਮ ਸਿੰਘ ਸਿਧੂ ਸਾਬਕਾ ਸਰਪੰਚ, ਮਨਦੀਪ ਸਿੰਘ ਗਿੱਲ, ਗੁਰਦੀਪ ਸਿੰਘ, ਸਰਬਜੀਤ ਸਿੰਘ ਢਿੱਲੋ, ਸਿਮਰਤਪਾਲ ਸਿੰਘ, ਸੁਧੀਰ ਵਰਮਾ, ਅਮਨਦੀਪ ਸਿੰਘ ਲਾਡੀ, ਅਮਨ ਆਦਿ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਜੀ ਆਇਆ ਕਿਹਾ।

ਆਵਾਜ਼ਿ ਕੌਮ AWAZE QAUM International Newspaper & WEB TV

## ਡੇਰਾ ਕਾਰ ਸੇਵਾ ਗੁਰਦੁਆਰਾ ਜੰਡ ਸਾਹਿਬ ਵਿਖੇ ਪ੍ਰਾਣੀਆਂ ਨੇ ਅੰਮ੍ਰਿਤ ਛਕ ਕੇ ਗੁਰੂ ਲੜ ਲੱਗੇ



ਫ਼ਿਰੋਜ਼ਪੁਰ, 11 ਮਾਰਚ (ਮਨੋਹਰ ਲਾਲ) :— ਡੇਰਾ ਕਾਰ ਸੇਵਾ ਗੁਰਦੁਆਰਾ ਜੰਡ ਸਾਹਿਬ ਵਿਖੇ 25 ਪ੍ਰਾਣੀਆਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਲੜ ਲੱਗੇ। ਇਸ ਮੌਕੇ ਤੇ ਪੰਜ ਪਿਆਰਿਆਂ ਵੱਲੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਲੜ ਲਾਇਆ। ਇਸ ਮੌਕੇ ਤੇ ਡੇਰਾ ਕਾਰ ਸੇਵਾ ਗੁਰਦੁਆਰਾ ਜੰਡ ਸਾਹਿਬ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਹਰਭਜਨ ਸਿੰਘ, ਬਾਬਾ ਸਤਿਨਾਮ ਸਿੰਘ ਜੀ ਨੇ ਲੋੜ ਅਨੁਸਾਰ ਕਕਾਰ ਮੁਫਤ, ਡੇਰਾ ਕਾਰ ਸੇਵਾ ਗੁਰਦੁਆਰਾ ਜੰਡ ਸਾਹਿਬ ਵੱਲੋਂ ਮੁਫਤ ਦਿੱਤੇ ਗਏ। ਇਸ ਮੌਕੇ ਤੇ ਸ੍ਰੀਮਾਨ ਸੰਤ ਬਾਬਾ ਹਰਭਜਨ ਸਿੰਘ, ਬਾਬਾ ਸਤਿਨਾਮ ਸਿੰਘ ਨੇ ਕਿਹਾ ਕਿ ਸਾਨੂੰ ਇਹ ਮਨੁੱਖਾ ਜੀਵਨ 84 ਲੱਖ ਜੂਨਾਂ ਤੋਂ ਪ੍ਰਾਪਤ ਹੋਇਆ ਹੈ, ਇਸ ਜਨਮ ਨੂੰ ਸਾਡਾ ਇਕ—ਇਕ ਸਵਾਸ ਵਾਹਿਗੁਰੂ ਦੇ ਲੇਖੇ ਲਾਵੋ, ਹਮੇਸ਼ਾ ਉਠਦੇ—ਬੈਠਦੇ ਵਾਹਿਗੁਰੂ ਦਾ ਜਾਪ ਕਰੋ, ਬਾਣੀ ਪੜਨ ਨਾਲ ਬਾਣੀ ਸੁਨਣ ਨਾਲ ਤੁਹਾਡੇ ਸਾਰੇ ਦੁੱਖ ਦੂਰ ਹੋ ਜਾਣਗੇ। ਬਾਬਾ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਪ੍ਰਾਣੀਆਂ ਨੂੰ ਕਿਹਾ ਕਿ ਉਹ ਰਹਿਤ ਮਰਿਯਾਦਾ ਵਿਚ ਰਹਿ ਕੇ ਹਮੇਸ਼ਾ ਪੰਜ ਕਕਾਰਾਂ ਦਾ ਆਦਰ, ਮਾਨ, ਸਤਿਕਾਰ ਕਰੋ ਅਤੇ ਹਮੇਸ਼ਾ ਉਠਦੇ ਬੈਠਦੇ ਵਾਹਿਗੁਰੂ ਦਾ ਜਾਪ ਕਰੋ ਤਾਂ ਜ਼ੋ ਸਾਡਾ ਜੀਵਨ ਸਫਲਾ ਹੋ ਸਕੇ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਰੋਟਰੀ ਡਿਸਟ੍ਰਿਕਟ 3090 ਦੀ ਪ੍ਰੀ ਪੈਟਸ ਸੈਟਸ ‘ਪ੍ਰਾਰੰਭ ਪਰਿਕਸ਼ਨ’ ਸ.ਫਲਤਾ ਪੂਰਵਕ ਸੰਪੰਨ

ਫ਼ਿਰੋਜ਼ਪੁਰ, 11 ਮਾਰਚ (ਮਨੋਹਰ ਲਾਲ) :— ਬੇਸ਼ੱਕ ਰੋਟਰੀ ਦਾ ਨਵਾਂ ਸਾਲ 1 ਜੁਲਾਈ ਤੋਂ ਸ਼ੁਰੂ ਹੁੰਦਾ ਹੈ, ਪਰੰਤੂ ਇਸ ਦੀਆਂ ਤਿਆਰੀਆਂ ਕਈ ਮਹੀਨੇ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ। ਇਸ ਤਿਆਰੀਆਂ ਦੀ ਲੜੀ ਵਿੱਚ ਰੋਟਰੀ ਡਿਸਟ੍ਰਿਕਟ 3090 ਦੇ ਜ਼ੋਨ 1 ਅਧੀਨ ਆਉਂਦੇ ਰੋਟਰੀ ਕਲੱਬਾਂ ਦੇ ਪ੍ਰਧਾਨ ਅਤੇ ਸੱਕਤਰਾਂ ਦੀ ਪ੍ਰੀ ਟ੍ਰੇਨਿੰਗ ਸਥਾਨਕ ਭਸੀਨ ਹੋਟਲ ਵਿਖੇ, ਡਿਸਟ੍ਰਿਕਟ ਗਵਰਨਰ 2024—25 ਡਾ: ਸੰਦੀਪ ਚੌਹਾਨ ਦੀ ਅਗਵਾਈ ਵਿਚ ਸਫ਼ਲਤਾਪੂਰਵਕ ਸੰਪੰਨ ਹੋਈ। ਇਸ ਮੌਕੇ ਡਿਸਟਿਕ ਗਵਰਨਰ ਘਨਸ਼ਾਮ ਕਾਂਸਲ ਮੁੱਖ ਮਹਿਮਾਨ, ਪ੍ਰਿਸਾਈਡਿੰਗ ਅਫਸਰ ਪਾਸਟ ਡਿਸਟ੍ਰਿਕਟ ਗਵਰਨਰ ਪ੍ਰੇਮ ਅਗਰਵਾਲ, ਗੈਸਟ ਆਫ਼ ਹੋਨਰ ਪਾਸਟ ਡਿਸਟ੍ਰਿਕਟ ਗਵਰਨਰ ਵਿਜੇ ਅਰੋੜਾ ਅਤੇ ਵਿਸ਼ੇਸ਼ ਮਹਿਮਾਨ ਦੇ ਰੂਪ ਵਿਚ ਮੇਜਰ ਭੁੱਲਰ ਨੇ ਭਾਗ ਲਿਆ। ਇਸ ਪ੍ਰੋਗਰਾਮ ਦੇ ਕੋਆਡਰੀਨੇਟਰ ਅਸਿਸਟੈਂਟ ਗਵਰਨਰ ਕੋਆਰਡੀਨੇਟਰ ਲਲਿਤ ਗੁਪਤਾ, ਕੋ—ਕੋਆਡੀਨੇਟਰ ਅਸਿਸਟੈਂਟ ਗਵਰਨਰ ਕਮਲ ਸ਼ਰਮਾ ਅਤੇ ਅਸਿਸਟੈਂਟ ਗਵਰਨਰ ਡਾ: ਸੁਰਿੰਦਰ ਸਿੰਘ ਕਪੂਰ ਨੇ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਟ੍ਰੇਨਿੰਗ ਵਿਚ 15 ਤੋਂ ਵੱਧ ਰੋਟਰੀ ਕਲੱਬਾਂ ਦੇ ਪ੍ਰਧਾਨ ਅਤੇ ਸੱਕਤਰਾਂ ਨੇ ਭਾਗ ਲਿਆ ਅਤੇ ਰੋਟਰੀ ਦਾ ਇਤਿਹਾਸ, ਮਾਈ ਰੋਟਰੀ, ਟਿਕਾਊ ਪ੍ਰੋਜੈਕਟ ਅਤੇ ਪਬਲਿਕ ਇਮੇਜ, ਰੋਟਰੀ ਪ੍ਰਧਾਨ ਦੇ ਕੰਮ ਅਤੇ ਜਿੰਮੇਵਾਰੀਆ, ਟੀ.ਆਰ.ਐਫ., ਮੈਂਬਰਸ਼ਿਪ ਗ੍ਰੋਥ ਆਦਿ ਵਿਸ਼ਿਆਂ ਤੇ ਟ੍ਰੇਨਿੰਗ ਪ੍ਰਾਪਤ ਕੀਤੀ। ਅਸਿਸਟੈਂਟ ਗਵਰਨਰ ਵਿਮਲ ਗਰਗ, ਅਸਿਸਟੈਂਟ ਗਵਰਨਰ ਹਰਜਿੰਦਰ ਹਾਂਡਾ, ਅਸਿਸਟੈਂਟ ਗਵਰਨਰ ਕੁਲਦੀਪ ਗਰਗ ਅਤੇ ਅਸਿਸਟੈਂਟ ਗਵਰਨਰ ਪ੍ਰਸ਼ਾਂਤ ਬਿਸ਼ਨੋਈ ਆਦਿ ਨੇ ਦੱਸਿਆ ਕਿ ਇਸ ਟ੍ਰੇਨਿੰਗ ਦਾ ਮੰਤਵ ਕਲੱਬ ਮੁਖੀਆਂ ਨੂੰ ਉਹਨਾਂ ਦੇ ਕਾਰਜ ਕਾਲ ਲਈ ਤਿਆਰ ਕਰਨਾ ਸੀ। ਵੱਖ—ਵੱਖ ਬੁਲਾਰਿਆਂ ਨੇ ਆਪਣੇ ਸੰਬੋਧਨ ਵਿਚ ਦਸਿਆ ਕਿ ਕਿਵੇਂ ਰੋਟਰੀ ਸਮਾਜ ਸੇਵਾ ਦੇ ਖੇਤਰ ਵਿਚ ਇੱਕ ਮੋਢੀ ਸੰਸਥਾ ਹੈ, ਕਿਵੇਂ ਰੋਟਰੀ ਆਪਣੇ ਪ੍ਰੋਜੈਕਟਾਂ ਰਾਹੀਂ ਸਮਾਜ ਦੇ ਉਸ ਵਰਗ ਨਾਲ ਜੁੜਦੀ ਹੈ, ਜੋ ਸਹੀ ਮਾਇਨੇ ਵਿਚ ਲੋੜਵੰਦ ਹਨ। ਇਸ ਮੌਕੇ ਤੇ ਸੀਨੀਅਰ ਰੋਟੇਰੀਅਨ ਅਸ਼ੋਕ ਬਹਿਲ, ਰਾਕੇਸ਼ ਚਾਵਲਾ, ਪਰਦੀਪ ਬਿੰਦਰਾ, ਨਵੀਸ਼ ਛਾਬੜਾ, ਹਰਵਿੰਦਰ ਘਈ, ਸੁਖਦੇਵ ਸ਼ਰਮਾ, ਬੋਹੜ ਸਿੰਘ ਆਦੀ ਮੌਜੂਦ ਸਨ।

# ਸੁਖਬੀਰ ਬਾਦਲ ਲਈ ਪੰਥ ਪ੍ਰਥਮ ਨਹੀਂ

**ਖਾਲਸਾ ਪੰਥ ਸਿਰਫ ਭਾਰਤ ਵਿਚ ਨਹੀਂ ਪੂਰੇ ਵਿਸ਼ਵ ਵਿਚ ਹੈ ।ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਪੰਥ ਦੀ ਪ੍ਰਤੀਨਿਧਤਾ ਨਹੀਂ ਕਰਦੇ ।ਬਾਦਲ ਪੂਜਕ ਕੋਈ ਵੀ ਹੋਣ ਖਾਲਸਾ ਪੰਥ ਦੇ ਪ੍ਰਤੀਨਿਧ ਨਹੀਂ ਨਾ ਹੀ ਕਿਸਾਨਾਂ ਦੇ ।ਖਾਲਸਾ ਪੰਥ ਕਿਸਾਨੀ ਦਾ ਸ਼ਾਹ....**



ਸੁਖਬੀਰ ਸਿੰਘ ਬਾਦਲ ਨੇ ਵਡੇ ਬਾਦਲ ਦੀ ਬਰਸੀ ਉਪਰ ਆਪਣੀ ਮਨਸ਼ਾ ਦਸ ਦਿਤੀ ਕਿ ਅਕਾਲੀ ਦਲ ਲਈ ਪੰਥ ਪ੍ਰਥਮ ਨਹੀਂ ਉਹ ਕਹਿੰਦੇ ਹਨ ਪ੍ਰਕਾਸ਼ ਸਿੰਘ ਬਾਦਲ ਦੀ ਸੋਚ ਉਪਰ ਅਕਾਲੀ ਦਲ ਪਹਿਰਾ ਦੇਵੇਗਾ। ਉਹ ਕਹਿੰਦੇ ਹਨ ਕਿ ਬਾਦਲ ਦੀ ਸੋਚ ਨੈਸ਼ਿਲਸਟ ਸੀ ।ਉਹ ਕਹਿੰਦੇ ਹਨ ਜੇ ਕੇਂਦਰ ਮਜਬੂਤ ਹੋਵੇਗਾ ,ਪੰਜਾਬ ਮਜਬੂਤ ਹੋਵੇਗਾ ।ਜੇ ਪੰਜਾਬ ਮਜਬੂਤ ਹੋਵੇਗਾ ਪੰਥ ਮਜਬੂਤ ਹੋਵੇਗਾ ।ਮਤਲਬ ਪੰਥ ਫਾਡੀ ਹੈ ।ਬਾਦਲਾਂ ਨੇ ਪੰਥ ਪ੍ਰਥਮ ਵਾਲਾ 100 ਸਾਲਾ ਅਕਾਲੀ ਦਲ ਦਾ ਇਤਿਹਾਸ ਖਤਮ ਕਰ ਦਿਤਾ ਤੇ ਅਕਾਲੀ ਦਲ ਨੂੰ ਨੈਸ਼ਨਲ ਪਾਰਟੀ ਬਣਾ ਦਿਤਾ ।ਬਾਦਲ ਦਾ ਇਹ ਵਿਚਾਰ ਤੁਸੀਂ ਯੂ ਟਿਊਬ ਉਪਰ ਦੇਖ ਸਕਦੇ ਹੋ ।ਜੇ ਮਾਸਟਰ ਤਾਰਾ ਸਿੰਘ ਤੋਂ ਲੈਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਵਿਚਾਰ ਉਪਰ ਅਕਾਲੀ ਦਲ ਦੇ ਸਿਧਾਂਤ ਨੂੰ ਪਰਖੀਏ ਉਹਨਾਂ ਦਾ ਵਿਚਾਰ ਪੰਥ ਪ੍ਰਥਮ ਹੈ ।ਜੇ ਪੰਥ ਮਜਬੂਤ ਪੰਜਾਬ ਮਜਬੂਤ ।ਜੇ ਪੰਜਾਬ ਮਜਬੂਤ ਦੇਸ ਮਜਬੂਤ ।ਸਿਖ ਪੰਥ ਦੇ ਮਹਾਨ ਲੀਡਰ ਤੇ ਗਦਰੀ ਬਾਬੇ ਭਾਈ ਰਣਧੀਰ ਸਿੰਘ ਕਹਿੰਦੇ ਸਨ ਕਿ ਮੇਰਾ ਦੇਸ ਉਹ ਜਿਥੇ ਮੇਰਾ ਪੰਥ ਵਸਦਾ ਹੈ ।ਚੜਦੀ ਕਲਾ ਵਿਚ ਹੈ ।ਅਨੰਦਪੁਰ ਦਾ ਮਤਾ ਪੜੀਏ ਉਥੇ ਖਾਲਸਾ ਜੀ ਦਾ ਬੋਲਬਾਲਾ ਲਿਖਿਆ ਹੈ ।ਮਤਲਬ ਅਕਾਲੀ ਦਲ ਦੀ ਗਲ ਪੰਥ ਦੀ ਚੜਦੀ ਕਲਾ ਤੋਂ ਸ਼ੁਰੂ ਹੁੰਦੀ ਹੈ ਪਰ ਸੁਖਬੀਰ ਬਾਦਲ ਦੀ ਗਲ ਕੇਂਦਰ ਦੀ ਮਜਬੂਤੀ ਤੋਂ ਹੁੰਦੀ ਹੈ ।ਪੁਛਣਾ ਬਣਦਾ ਹੈ ਕਿ ਜੇ ਰਾਜ ਮਜਬੂਤ ਨਹੀਂ, ਕੇਂਦਰ ਮਜਬੂਤ ਹੈ ਤਾਂ ਸਿਖ ਪੰਥ ਤੇ ਪੰਜਾਬ ਦੇ ਹਕ ਕਿਥੇ ਹਨ ।ਇੰਨੇ ਮੋਰਚੇ ਲਗਾਕੇ ਸਿਖ ਮਰਾਕੇ ਅਕਾਲੀ ਦਲ ਕਿਹੜੇ ਭਵਜਲ ਵਿਚ ਜਾ ਡਿਗਿਆ ਹੈ ।ਸਿਖਾਂ ਨੂੰ ਅਕਾਲੀ ਦਲ ਆਪਣਾ ਨਹੀਂ ਜਾਪਦਾ ਸੁਖਬੀਰ ਬਾਦਲ ਵੀ ਆਪਣਾ ਲੀਡਰ ਨਹੀਂ ਜਾਪਦਾ ।ਜੇ ਕੇਂਦਰ ਮਜਬੂਤ ਕਰਨਾ ਹੈ ਤਾਂ ਭਾਜਪਾ ਕਾਂਗਰਸ ਆਪ ਕਿਉਂ ਮਾੜੇ ਹਨ ।ਅਕਾਲੀ ਦਲ ਅਜਿਹੀ ਸ਼ਮਸ਼ਾਨ ਘਾਟ ਵਿਚ ਬਾਦਲ ਪਰਿਵਾਰ ਨੇ ਜਾ ਦਬਿਆ ਜਿਥੋਂ ਬਾਹਰ ਨਿਕਲਣਾ ਔਖਾ ਹੈ ।ਸਤਿਗੁਰੂ ਗੋਬਿੰਦ ਸਿੰਘ ਦਾ ਵਿਚਾਰ ਸੀ ਖਾਲਸਾ ਮੇਰੋ ਸਤਿਗੁਰੂ ਪੂਰਾ,ਪਰ ਸੁਖਬੀਰ ਬਾਦਲ ਨੇ ਫਾਡੀ ਬਣਾ ਦਿਤਾ ।ਖਾਲਸਾ ਪੰਥ ਸਿਰਫ ਭਾਰਤ ਵਿਚ ਨਹੀਂ ਪੂਰੇ ਵਿਸ਼ਵ ਵਿਚ ਹੈ ।ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਪੰਥ ਦੀ ਪ੍ਰਤੀਨਿਧਤਾ ਨਹੀਂ ਕਰਦੇ ।ਬਾਦਲ ਪੂਜਕ ਕੋਈ ਵੀ ਹੋਣ ਖਾਲਸਾ ਪੰਥ ਦੇ ਪ੍ਰਤੀਨਿਧ ਨਹੀਂ ਨਾ ਹੀ ਕਿਸਾਨਾਂ ਦੇ ।ਖਾਲਸਾ ਪੰਥ ਕਿਸਾਨੀ ਦਾ ਸ਼ਾਹ ਸਵਾਰ ਹੈ ।ਸਤਿਗੁਰੂ ਨਾਨਕ ਜੀ ਨੇ ਕਿਸਾਨੀ ਕਿਤਾ ਅਪਨਾਕੇ ਕਿਸਾਨਾਂ ਦੀ ਪ੍ਰਤੀਨਿਧਤਾ ਕੀਤੀ ਮਲਕ ਭਾਗੋਆਂ ਦਾ ਸਾਥ ਛਡਕੇ ਦਲਿਤਾਂ ਨੂੰ ਸਾਥੀ ਬਣਾਇਆ ।ਦਸ ਪਾਤਸ਼ਾਹੀਆਂ ਦੇ ਅਸੂਲਾਂ ਉਪਰ ਚਲਦਿਆਂ ਕਿਸਾਨਾਂ ਦਬੇ ਕੁਚਲਿਆ ਨੂੰ ਸਰਦਾਰੀਆਂ ਜਮੀਨਾਂ ਬਖਸ਼ੀਆਂ ।ਪਰ ਬਾਦਲ ਪਰਿਵਾਰ ਇਸ ਇਤਹਾਸ ਦੀ ਪੈਰਵਾਈ ਨਹੀਂ ਕਰਦਾ ।ਖਾਲਸਾ ਜੀਉ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਹਕਮ ਵਲ ਧਿਆਨ ਦੇਵੋ

ਦਸਮ ਪਿਤਾ ਜੀ ਖ਼ਾਲਸੇ ਦੀ ਮਹਿਮਾ ਦਾ ਜ਼ਿਕਰ ਕਰਦੇ ਹਨ:

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੈ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੇ ਗਰੀਬ ਕਰੋਰ ਪਰੇ॥

ਮੇਰਾ ਕਥਨ ਹੈ ਜੇ ਖਾਲਸਾ ਮਜਬੂਤ ਹੈ ਤਾਂ ਪੰਜਾਬ ਦੇਸ ਵਿਸ਼ਵ ਮਜਬੂਤ ਹੈ ਕਿਉਂ ਕਿ ਖਾਲਸਾ ਅਕਾਲ ਪੁਰਖ ਦਾ ਦੂਤ ਹੈ ਜਿਸਨੇ ਸਤਿਗੁਰੂ ਦਾ ਵਿਸ਼ਵ ਸ਼ਾਂਤੀ ਦਾ ਸੁਨੇਹਾ ਦੇਣਾ ਹੈ ।ਲੋੜਵੰਦਾਂ ਦੀ ਬਾਂਹ ਫੜਨੀ ਹੈ ।ਖਾਲਸਾ ਮਨੁਖਤਾ ਦਾ ਰਾਖਾ ਹੈ ਅਕਾਲੀ ਦਲ ਰਹੇ ਨਾ ਰਹੇ ਪਰ ਜਿਹਨਾਂ ਚਿਰ ਖਾਲਸਾ ਪੰਥ ਗੁਰੂ ਗਰੰਥ ਸਾਹਿਬ ਦੀ ਸ਼ਰਨ ਵਿਚ ਸਤਿਗੁਰੂ ਦੇ ਸਿਧਾਂਤ ਉਪਰ ਪਹਿਰਾ ਦੇਵੇਗਾ ਸਿਖ ਪੰਥ ਚੜਦੀ ਕਲਾ ਵਿਚ ਰਹੇਗਾ। ਸੁਖਦੇਵ ਸਿੰਘ ਢੀਡਸਾ ਤੇ ਹੋਰ ਅਕਾਲੀ ਲੀਡਰਾਂ ਦਾ ਇਸ ਬਾਰੇ ਕੀ ਖਿਆਲ ਹੈ ।ਜਥੇਦਾਰ ਅਕਾਲ ਤਖਤ ਤੇ ਸ਼੍ਰੋਮਣੀ ਕਮੇਟੀ ਸੁਖਬੀਰ ਦੇ ਇਸ ਵਿਚਾਰ ਬਾਰੇ ਚੁਪ ਕਿਉਂ ਹਨ।

**- ਪ੍ਰੋ. ਬਲਵਿੰਦਰ ਪਾਲ ਸਿੰਘ**

## ਵਿਲਖਣ ਹੋਣ ਨਿਬੜੀ ਜੈਨੇਸਿਸ ਡੈਂਟਲ ਕਾਲਜ ਵਿਖੇ ਹੋਈ ਸਲਾਨਾ ਸਪੋਰਟਸ ਮੀਟ



ਫ਼ਿਰੋਜ਼ਪੁਰ, 11 ਮਾਰਚ (ਮਨੋਹਰ ਲਾਲ) :— ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਫ਼ਿਰੋਜ਼ਪੁਰ ਵਿਖੇ ਸਾਲਾਨਾ ਸਮਾਗਮ ਸਪੋਰਟਸ ਸਮਿਟ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਵੰਡਣ ਨਾਲ ਸਮਾਪਤ ਹੋ ਗਿਆ। ਇਸ ਖੇਡ ਸੰਮੇਲਨ ਦੀ ਪ੍ਰਧਾਨਗੀ ਕਾਲਜ ਚੇਅਰਮੈਨ ਸੀ.ਏ ਵਰਿੰਦਰ ਮੋਹਨ ਸਿੰਘਲ ਦੀ ਪਤਨੀ ਸ੍ਰੀਮਤੀ ਮੀਨਾਕਸ਼ੀ ਸਿੰਘਲ ਅਤੇ ਜੁਆਇੰਟ ਚੇਅਰਮੈਨ ਗਗਨਦੀਪ ਸਿੰਘਲ ਦੀ ਪਤਨੀ ਸ੍ਰੀਮਤੀ ਨਮਿਤਾ ਸਿੰਘਲ ਨੇ ਕੀਤੀ। ਇਸ ਖੇਡ ਸੰਮੇਲਨ ਵਿੱਚ ਸੀ.ਜੀ.ਐਮ ਏਕਤਾ ਉੱਪਲ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਮੌਕੇ ਸ਼੍ਰੀਮਤੀ ਮੀਨਾਕਸ਼ੀ ਸਿੰਘਲ, ਸ਼੍ਰੀਮਤੀ ਨਮਿਤਾ ਸਿੰਘਲ ਨੇ ਮੁੱਖ ਮਹਿਮਾਨ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ। ਇਸ ਮੌਕੇ ਸ਼੍ਰੀਮਤੀ ਮੀਨਾਕਸ਼ੀ ਸਿੰਘਲ ਨੇ ਕਿਹਾ ਕਿ ਡੈਂਟਲ ਕਾਲਜ ਵਿੱਚ ਸਿਰਫ਼ ਅਧਿਆਪਨ ਤੇ ਨਹੀਂ ਬਲਕਿ ਸਰਵਪੱਖੀ ਵਿਕਾਸ ਤੇ ਧਿਆਨ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਖੇਡਾਂ ਤੋਂ ਸਕਾਰਾਤਮਕ ਊਰਜਾ ਮਿਲਦੀ ਹੈ, ਅਜਿਹੀਆਂ ਖੇਡ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਦੇ ਸਰੀਰਕ ਵਿਕਾਸ ਵੱਲ ਧਿਆਨ ਦੇਣਾ ਵੀ ਬਹੁਤ ਜ਼ਰੂਰੀ ਹੋ ਗਿਆ ਹੈ। ਇਸੇ ਉਦੇਸ਼ ਨੂੰ ਮੁੱਖ ਰੱਖਦਿਆਂ ਕਾਲਜ ਵਿੱਚ ਸਪੋਰਟਸ ਮੀਟ ਕਰਵਾਈ ਜਾ ਰਹੀ ਹੈ। ਇਸ ਮੌਕੇ ਨਮਿਤਾ ਸਿੰਘਲ ਨੇ ਕਿਹਾ ਕਿ ਅਸੀਂ ਵਿੱਦਿਆ ਰਾਹੀਂ ਮਾਨਸਿਕ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਾਂ, ਇਸ ਲਈ ਹਰ ਸਾਲ ਇੱਕ ਸਪੋਰਟਸ ਮੀਟ ਕਰਵਾਈ ਜਾਂਦੀ ਹੈ। ਇਸ ਮੌਕੇ ਮੁੱਖ ਮਹਿਮਾਨ ਸੀ.ਜੀ.ਐਮ ਏਕਤਾ ਉੱਪਲ ਨੇ ਕਿਹਾ ਕਿ ਅਜਿਹੀਆਂ ਖੇਡ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਦੇ ਸਰੀਰਕ ਵਿਕਾਸ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਹੋ ਗਿਆ ਹੈ। ਮੁੱਖ ਮਹਿਮਾਨ ਸੀ.ਜੀ.ਐਮ ਏਕਤਾ ਉੱਪਲ ਨੇ ਸਾਰੇ ਜੇਤੂਆਂ ਨੂੰ ਸਨਮਾਨਿਤ ਕੀਤਾ। ਅੰਤ ਵਿੱਚ ਕਾਲਜ ਪ੍ਰਿੰਸੀਪਲ ਡਾ: ਪ੍ਰਸ਼ੋਤਮ ਜਸੂਜਾ, ਨਰਸਿੰਗ ਕਾਲਜ ਪ੍ਰਿੰਸੀਪਲ ਸ਼੍ਰੀਮਤੀ ਰਵਿੰਦਰ ਕੌਰ, ਨਰਸਿੰਗ ਬ੍ਰਾਂਚ ਹੈੱਡ ਸਪੋਰਟਸ ਕੋਆਰਡੀਨੇਟਰ ਸ਼ਿਵਾਨੀ ਸ਼ਰਮਾ ਨੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਰਾਸ਼ਟਰੀ ਗੀਤ ਨਾਲ ਸਪੋਰਟਸ ਮੀਟ ਦੀ ਸਮਾਪਤੀ ਕੀਤੀ ਗਈ।


SANT BEANT SINGH JI
BER KALAN WALE | UK TOUR 2024

SAT 2ND MARCH - SUN 3RD MARCH: SOUTHAMPTON

MON 4TH MARCH - SUN 10TH MARCH 7:40-8:20PM:
NANAKSAR THATH ISHER DARBAR, WOLVERHAMPTON, WV3 0JU

MON 11TH MARCH - TUES 12TH MARCH 7:30-8:00PM:
GURU HAR RAI GURDWARA, WEST BROMWICH, B70 6JW

WED 13TH MARCH - FRI 15TH MARCH 6:45-7:45PM:
DARBAR SRI GURU GRANTH SAHIB JI, WALSALL, WS2 9EQ


SAT 16TH MARCH 7:30-8:00PM:
GURU HAR RAI GURDWARA, WEST BROMWICH, B70 6JW

SUN 17TH MARCH 2:00-3:00PM:
GURU HAR RAI GURDWARA, WEST BROMWICH, B70 6JW

SUN 17TH MARCH 6:30-7:30PM:
GURDWARA GURU NANAK PARKASH, COVENTRY, CV1 4FB

MON 18TH - SUN 24TH MARCH
7:30-8:15AM | 10:00-11:00AM | 6:30-7:15PM:
BABA SANG GURDWARA, SMETHWICK, B66 1EE

MON 25TH - SUN 31ST MARCH: SOUTHALL



SANT BEANT SINGH | WHATSAPP: +918530000006


## ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਹਰਿਆਣਾ ਵਿਖੇ

# ਪੰਥ ਦੀ ਚੜਦੀਕਲਾ ਨੂੰ ਸਮਰਪਿਤ 'ਅਰਦਾਸ ਸਮਾਗਮ' ਕੀਤਾ ਗਿਆ






















ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਹਰਿਆਣਾ ਵਿਖੇ ਅੱਜ ਪੰਥ ਦੀ ਚੜਦੀਕਲਾ ਨੂੰ ਸਮਰਪਿਤ "ਅਰਦਾਸ ਸਮਾਗਮ" ਕੀਤਾ ਗਿਆ ਜਿਸ ਵਿੱਚ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਜੱਥੇ ਨੇ ਰਸਭਿੰਨਾ ਕੀਰਤਨ ਕੀਤਾ ਸਮਾਗਮ ਵਿੱਚ ਹਰਿਆਣਾ ਪੰਜਾਬ ਤੋਂ ਇਲਾਵਾ "ਨਨਕਾਣਾ ਸਾਹਿਬ ਯਾਤਰਾ ਕਮੇਟੀ" ਇੰਗਲੈਂਡ ਅਮਰੀਕਾ ਤੋਂ ਸਿੱਖ ਸੰਗਤਾਂ ਦਾ ਜੱਥਾ ਵਿਸ਼ੇਸ਼ ਤੌਰ ਤੇ ਪੁੱਜਾ ਜਿਸਦਾ ਸਵਾਗਤ ਅਸਥਾਨ ਦੇ ਮੁੱਖ ਸੇਵਾਦਾਰ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ ਮੈਂਬਰ ਤੇ ਪ੍ਰਧਾਨ ਸਾਬਕਾ ਪ੍ਰਧਾਨ ਹਰਿਆਣਾ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤਾ ਸਮਾਗਮ ਵਿੱਚ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ,ਸੰਤ ਚਰਨਜੀਤ ਸਿੰਘ ਜੱਸੋਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਬਾਬਾ ਪ੍ਰਦੀਪ ਸਿੰਘ ਚਾਂਦਪੁਰਾ ਆਗੂ ਪੰਥਕ ਸੇਵਾ ਲਹਿਰ ਦਾਦੂ ਸਾਹਿਬ,ਗਿਆਨੀ ਰਾਜਪਾਲ ਸਿੰਘ ਬੋਪਾਰਾਏ ਨੇ ਗੁਰਮਤਿ ਵਿਚਾਰ ਸਾਂਝੇ ਕੀਤੇ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਦੇ ਆਗੂ ਭਾਈ ਰਘਬੀਰ ਸਿੰਘ ਮਾਲੜੀ ਯੂਕੇ,ਭਾਈ ਬਲਜੀਤ ਸਿੰਘ ਕੰਗ ਸਾਊਥਹੈਂਪਟਨ ਯੂਕੇ,ਬੀਬੀ ਪਰਮਜੀਤ ਕੌਰ ਯੂਕੇ,ਬੀਬੀ ਨਿਰੰਜਣ ਕੌਰ ਯੂਕੇ,ਬੀਬੀ ਜਸਵਿੰਦਰ ਕੌਰ ਯੂਕੇ,ਭਾਈ ਗੁਰਪ੍ਰੀਤ ਸਿੰਘ ਯੂਐਸਏ ਜੱਥੇ ਦੀ ਅਗਵਾਈ ਕਰ ਰਹੇ ਸਨ ਭਾਈ ਸੁਰਜੀਤ ਸਿੰਘ ਨਿੱਜਰ ਯੂਐਸਏ,ਬੀਬੀ ਹਰਪ੍ਰੀਤ ਕੌਰ ਜਰਮਨੀ,ਬੀਬੀ ਕੁਲਬੀਰ ਕੌਰ ਨਿੱਝਰਾਂ,ਬਾਬਾ ਕਰਤਾਰ ਸਿੰਘ ਤਿਲੋਕੇਵਾਲਾ,ਬਾਬਾ ਜੀਵਨ ਸਿੰਘ ਚੁਨਾਗਰਾ,ਭਾਈ ਅਵਤਾਰ ਸਿੰਘ ਚਾਂਦਪੁਰਾ,ਭਾਈ ਜਗਤਾਰ ਸਿੰਘ ਗਿਆਨਾ,ਭਾਈ ਅਰਵਿੰਦਰ ਸਿੰਘ ਸੋਢੀ ਸਰਦੂਲਗੜ,ਸਮੇਤ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ ਸਿੱਖ ਸੰਗਤਾਂ ਹਾਜ਼ਰ ਸਨ,ਸਮਾਗਮ ਸਮਾਪਤੀ ਉਪਰੰਤ ਸੰਗਤਾਂ ਨੇ ਗੁਰੂ ਕਾ ਲੰਗਰ ਛਕਿਆ ਜਥੇਦਾਰ ਦਾਦੂਵਾਲ ਜੀ ਵੱਲੋਂ ਪੁੱਜੀਆਂ ਸ਼ਖਸ਼ੀਅਤਾਂ ਅਤੇ ਅਮਰੀਕਾ ਇੰਗਲੈਂਡ ਜਰਮਨ ਤੋਂ ਪੁੱਜੇ ਜੱਥੇ ਦੇ ਸਮੂੰਹ ਮੈਂਬਰਾਂ ਨੂੰ ਸਿਰਪਾਉ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਗੁਰੂ ਗ੍ਰੰਥ ਸਹਿਬ ਜੀ ਸੇਵਾ ਕੇਂਦਰ

## ਗੁਰਮਤਿ ਵਿਦਿਆਲਾ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁੱਖੀ ਦਮਦਮੀ ਟਕਸਾਲ ਯਾਦਗਾਰੀ ਅਸਥਾਨ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ

## ਨਵਾਂ ਗੁਰਮਤਿ ਵਿਦਿਆਲਾ ਅਤੇ ਖੇਡ ਸਹੂਲਤਾਂ ਦੇ ਪ੍ਰੋਜੈਕਟ

ਦਮਦਮੀ ਟਕਸਾਲ ਜਥਾ ਭਿੰਡਰਾਂ ਯੂ ਕੇ

24 ਦਸੰਬਰ 2021 ਨੂੰ ਦਮਦਮੀ ਟਕਸਾਲ ਜਥਾ (ਯੂ.ਕੇ. & ਯੂਰਪ) ਦੀ ਨੁਮਾਇੰਦਗੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਾਧਸੰਗਤ ਦੀ ਹਜ਼ੂਰੀ ਵਿੱਚ ਪੰਜ ਸਿੰਘਾਂ ਦੀ ਨਿਯੁਕਤੀ ਕੀਤੀ ਗਈ ਸੀ।

ਪਿਛਲੇ 2 ਸਾਲਾਂ ਤੋਂ ਸੇਵਾਦਾਰ ਇੱਕ ਜਗ੍ਹਾ ਦੀ ਖੋਜ ਕਰ ਰਹੇ ਸਨ ਜਿੱਥੇ ਗੁਰਮਤਿ ਵਿਦਿਆਲਾ ਬਣੇ ਅਤੇ ਸਪੋਰਟਸ ਦੀਆਂ ਸਹੂਲਤਾਂ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਅਸਥਾਨ ਬਣਾਉਣ ਲਈ ਜਗ੍ਹਾ ਦੀ ਭਾਲ ਕਰ ਰਹੇ ਸੀ ਸੋ ਉਹ ਸਾਨੂੰ ਲੱਭ ਗਈ ਹੈ ਅਤੇ ਹੁਣ ਖ਼ਰੀਦਣ ਲਈ ਯਤਨ ਜਾਰੀ ਹਨ।

ਵੈਸਟ ਮਿਡਲੈਂਡਜ਼ ਵਿੱਚ, M5 ਮੋਟਰਵੇਅ 'ਤੇ ਜੰਕਸ਼ਨ 2 ਤੋਂ ਇੱਕ ਮੀਲ ਦੀ ਦੂਰੀ ਤੇ ਇਹ ਜਗ੍ਹਾ ਹੈ ਜਿਸ ਵਿਚ ਕਾਰ ਪਾਰਕ, ਫੁੱਟਬਾਲ ਪਿੱਚ ਅਤੇ ਇਮਾਰਤ ਸਮੇਤ 4.6 ਏਕੜ ਜਗਾ ਹੈ (ਜੋ ਪਹਿਲਾਂ ਸਮਾਜਿਕ ਅਤੇ ਖੇਡ ਕਲੱਬ ਵਜੋਂ ਵਰਤਿਆ ਜਾਂਦਾ ਸੀ)।

ਜਗ੍ਹਾ ਨੂੰ ਖਰੀਦਣ ਦੇ ਤਿੰਨ ਮੁੱਖ ਕਾਰਣ ਹਨ:

1. ਗੁਰਬਾਣੀ ਦੀ ਸੰਥਿਆ, ਕਥਾ, ਕੀਰਤਨ ਅਤੇ ਗਤਕਾ ਸਿਖਾਉਣ ਲਈ ਗੁਰਮਤਿ ਵਿਦਿਆਲਾ ਜਿੱਥੇ ਸਿਆਣੇ ਉਸਤਾਦ ਭਵਿੱਖ ਦੇ ਪਾਠੀ, ਗਿਆਨੀ, ਰਾਗੀ, ਗਤਕਾ ਖਿਡਾਰੀ ਤਿਆਰ ਕਰ ਸਕਣ ਅਤੇ ਸਾਡੇ ਬੱਚੇ ਪਵਿੱਤਰ ਗੁਰਮਤਿ ਵਿੱਦਿਆ ਧਾਰਨ ਕਰ ਸਕਣ।ਇਸ ਤੋਂ ਇਲਾਵਾ ਇੱਕ ਵਿੱਦਿਅਕ ਸੈਂਟਰ ਜਿੱਥੇ ਬੱਚਿਆਂ ਨੂੰ ਗੁਰਮੁੱਖੀ ਅਤੇ ਪੰਜਾਬੀ ਦੇ ਨਾਲ ਦੁਨਿਆਵੀ/ਸਕੂਲੀ ਵਿੱਦਿਆ ਵਿੱਚ ਮਦਦ ਲਈ ਯੋਗ ਪ੍ਰਬੰਧ ਹੋਵੇਗਾ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਸੇਵਾ, ਪੋਥੀ ਸਾਹਿਬ ਅਤੇ ਗੁਟਕਾ ਸਾਹਿਬ ਦੀਆਂ ਸੇਵਾਵਾਂ ਗੁਰਬਾਣੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਕਰ ਸਕੀਏ।
3. ਸਥਾਨਕ ਭਾਈਚਾਰੇ ਲਈ ਆਧੁਨਿਕ ਖੇਡਾਂ ਦੀ ਸਹੂਲਤ ਲਈ ਸਪੋਰਟਸ ਅਕੈਡਮੀ ਜਿਸ ਵਿੱਚ, ਫੁੱਟਬਾਲ ਪਿੱਚ, ਜਿੰਮ, ਮਾਰਸ਼ਲ ਆਰਟਸ ਤੋਂ ਇਲਾਵਾ ਹੋਰ ਖੇਡਾਂ ਲਈ ਆਧੁਨਿਕ ਸਾਧਨ ਹੋਣਗੇ।

ਇਹ ਸੇਵਾਵਾਂ ਆਪ ਸਭ ਸੰਗਤ ਦੇ ਨਿਰੰਤਰ ਸਹਿਯੋਗ ਨਾਲ ਹੀ ਸਫਲ ਹੋ ਸਕਦੀਆ ਹਨ ਸਾਧ ਸੰਗਤ ਜੀ। ਅਸੀਂ ਤੁਹਾਡੇ ਚਰਨਾਂ ਵਿਚ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਇਹ ਸੇਵਾਵਾਂ ਵਿੱਚ ਆਪਣੀਆ ਕਿਰਤ ਕਮਾਈਆਂ ਵਿੱਚੋ ਵੱਧ ਤੋਂ ਵੱਧ ਹਿਸਾ ਪਾ ਕੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਪੂਰਾ ਸਹਿਯੋਗ ਦੇਵੋ ਤਾਂ ਜੋ ਇਹ ਜਗਾ ਖਰੀਦ ਸਕੀਏ ਇਹ ਜਗਾ £650,000 ਦੀ ਹੈ ਆਪਜੀ ਦੇ ਸਹਿਯੋਗ ਨਾਲ ਇਹ ਸਭ ਕੁਝ ਹੋ ਸਕਦਾ ਹੈ।ਇੱਕ ਵਾਰ ਸੇਵਾ ਦੇਣੀ ਜਾਂ ਪ੍ਰਤੀ ਮਹੀਨਾਵਾਰ ਸਟੈਂਡਿੰਗ ਆਰਡਰ ਸਥਾਪਤ ਕਰਨਾ ਜਿਵੇਂ ਆਪਜੀ ਨੂੰ ਚੰਗਾ ਲੱਗੇ ਆਪ ਸਮੂਹ ਸਾਧ ਸੰਗਤ ਆਪਣਾ ਪੂਰਾ ਸਹਿਯੋਗ ਦੇ ਕੇ ਇਸ ਕਾਰਜ ਨੂੰ ਸਫਲਾ ਕਰੋ ਜੀ।



ਮੌਜੂਦਾ ਬਿਲਡਿੰਗ ਜੋ ਕਿ ਇੱਕ ਫੁੱਟਬਾਲ ਕਲੱਬ ਦੇ ਤੌਰ ਤੇ ਵਰਤੀ ਜਾ ਰਹੀ ਸੀ ਉਸਦਾ ਨਕਸ਼ਾ



ਸਮੁੱਚੀ ਜ਼ਮੀਨ ਦੀ ਹੱਦ ਅਤੇ ਨਿਸ਼ਾਨਦੇਹੀ



ਜ਼ਮੀਨ ਦੀ ਹੱਦਬੰਦੀ (Scale 1: 1250)

### ਆਪਣਾ ਯੋਗਦਾਨ ਹੇਠ ਲਿਖੇ ਬੈਂਕ ਅਕਾਉਂਟ ਵਿੱਚ ਭੇਜ ਸਕਦੇ ਹੋ ਜੀ:

| NATWEST BANK | |
|---|---|
| ACCOUNT NAME | DAMDAMI TAKSAL UK |
| ACOUNT NUMBER | 66477778 |
| SORT CODE | 60-15-26 |

ਨੋਟ: ਕਿਰਪਾ ਕਰਕੇ ਆਪਣਾ ਪੂਰਾ ਨਾਮ ਬੈਂਕ ਟਰਾਂਸਫਰ ਦੀ ਰੈਫਰੈਂਸ ਵੇਲੇ ਜ਼ਰੂਰ ਲਿਖੋ ਜੀ। ਧੰਨਵਾਦ।

Stay Connected:
email: info@damdamitaksal.co.uk
DamdamiTaksalUKJathaBhindran

## ਜਾਰੀ ਕਰਤਾ ਦਮਦਮੀ ਟਕਸਾਲ ਯੂ.ਕੇ. ਅਤੇ ਯੂਰਪ

- ਗਿਆਨੀ ਸੋਹਣ ਸਿੰਘ ਜੀ
- ਗਿਆਨੀ ਗੁਰਜਿੰਦਰ ਸਿੰਘ ਜੀ
- ਗਿਆਨੀ ਸੁਖਰਾਜ ਸਿੰਘ ਜੀ
- ਗਿਆਨੀ ਗੁਰਜੰਟ ਸਿੰਘ ਜੀ
- ਗਿਆਨੀ ਸੁਖਬੀਰ ਸਿੰਘ ਜੀ

--: ਸੰਪਰਕ ਨੰਬਰ :--

07877017219,
07400830403
07856786642